ਪੰਜਾਬ / ਹਰਿਆਣਾ / ਹਿਮਾਚਲ ਪ੍ਰਦੇਸ਼ / ਜੰਮੂ ਕਸ਼ਮੀਰ
ਰਾਜਸਥਾਨ/ ਚੰਡੀਗੜ੍ਹ / ਦਿੱਲੀ / ਐਨਸੀਆਰ

ਸਾਂਝੀ ਖ਼ਬਰ

RNI No. - PUNPUN / 2014 / 59059

ਮੁੱਖ ਸੰਪਾਦਕ :- ਪੀ ਐਸ ਮਿੱਠਾ

ਰੋਜ਼ਾਨਾ

ਸਾਂਝੀ ਖ਼ਬਰ

ਸਾਂਝ ਪੰਜਾਬੀਆਂ ਦੀ

ਸੋਮਵਾਰ, 16 ਨਵੰਬਰ / 2026 / ਅੰਕ 306 / ਪੰਨੇ 08 /ਮੁੱਲ 7 ਰੁ:

www.sanjhikhabar.com | E-mail : khabarsanjhi@gmail.com | sanjhikhabar | sanjhikahbar



‘ਛੱਠ ਪੂਜਾ ਨੇ ਪੰਜਾਬ ਦੀ ਭਾਈਚਾਰਕ ਸਾਂਝ ਮਜ਼ਬੂਤ ਕੀਤੀ’, ਮੁੱਖ ਮੰਤਰੀ ਭਗਵੰਤ ਮਾਨ ਧੂਰੀ ’ਚ ਛੱਠ ਪੂਜਾ ਸਮਾਗਮ ’ਚ ਹੋਏ ਸ਼ਾਮਲ

ਸਾਂਝੀ ਖ਼ਬਰ

(ਸੁਖਜੀਤ ਕੌਰ)

ਸੰਗਰੂਰ, 15 ਨਵੰਬਰ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਧੂਰੀ ਵਿੱਚ ਛੱਠ ਪੂਜਾ ਦੇ ਜਸ਼ਨਾਂ ’ਚ ਸ਼ਿਰਕਤ ਕਰ ਕੇ ਸ਼ਰਧਾਲੂਆਂ ਨੂੰ ਵਧਾਈ ਦਿੱਤੀ। ਉਨ੍ਹਾਂ ਸਾਰਿਆਂ ਦੀ ਖ਼ੁਸ਼ੀ, ਖ਼ੁਸ਼ਹਾਲੀ ਅਤੇ ਚੰਗੀ ਸਿਹਤ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਲੋਕਾਂ ਵੱਲੋਂ ਇੱਕ-ਦੂਜੇ ਦੇ ਤਿਉਹਾਰ ਉਤਸ਼ਾਹ ਨਾਲ ਮਨਾਉਣ ਨਾਲ ਪੰਜਾਬ ਦੀ ਫਿਰਕੂ ਸਦਭਾਵਨਾ ਅਤੇ ਆਪਸੀ ਸਤਿਕਾਰ ਦੀ ਵਿਰਾਸਤ ਮਜ਼ਬੂਤ ਹੁੰਦੀ ਹੈ।

ਉਨ੍ਹਾਂ ਕਿਹਾ ਕਿ ਸੂਬੇ ਭਰ ਵਿੱਚ ਹਜ਼ਾਰਾਂ ਲੋਕ ਸ਼ਰਧਾ ਤੇ ਉਤਸ਼ਾਹ ਨਾਲ ਛੱਠ ਪੂਜਾ ਮਨਾ ਰਹੇ ਹਨ। ਉਨ੍ਹਾਂ ਛਠੀ ਮਈਆ ਅਤੇ ਸੂਰਜ ਦੇਵ ਅੱਗੇ ਸਾਰਿਆਂ ਦੀ ਸ਼ਾਂਤੀ,



ਸਿਹਤ ਤੇ ਖ਼ੁਸ਼ਹਾਲੀ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਡੁੱਬਦੇ ਅਤੇ ਚੜ੍ਹਦੇ ਸੂਰਜ ਦੋਵਾਂ ਨੂੰ ਅਰਘ ਦੇਣ ਦੀ ਪਰੰਪਰਾ ਸਾਨੂੰ ਜੀਵਨ ਦੇ ਹਰ ਪੜਾਅ ਅਤੇ ਹਰ ਵਿਅਕਤੀ ਦਾ ਸਤਿਕਾਰ ਕਰਨਾ ਸਿਖਾਉਂਦੀ ਹੈ। ਇਹ ਤਿਉਹਾਰ ਸਫ਼ਾਈ, ਸੰਜਮ, ਅਨੁਸ਼ਾਸਨ ਅਤੇ ਕੁਦਰਤ ਨਾਲ ਜੁੜਨ ਦਾ ਸੁਨੇਹਾ ਵੀ ਦਿੰਦਾ ਹੈ।ਮੁੱਖ ਮੰਤਰੀ ਨੇ ਕਿਹਾ ਕਿ ਬਿਹਾਰ ਅਤੇ ਪੂਰਵਾਂਚਲ ਦੇ ਲੋਕਾਂ ਨਾਲ ਪੰਜਾਬ ਦਾ ਰਿਸ਼ਤਾ ਰੋਜ਼ਗਾਰ ਤੋਂ ਅੱਗੇ ਸੱਭਿਆਚਾਰਕ ਸਾਂਝ, ਭਰੋਸੇ, ਪਿਆਰ ਅਤੇ ਭਾਈਚਾਰੇ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿੱਚ ਰਹਿਣ ਵਾਲਾ ਹਰ ਵਿਅਕਤੀ ਸਾਡੇ ਵੱਡੇ ਪਰਿਵਾਰ ਦਾ ਹਿੱਸਾ ਹੈ ਅਤੇ ਸੂਬੇ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਵਾਲੇ ਹਰ ਵਰਗ ਦਾ ਸਤਿਕਾਰ ਕਰਨਾ ਸਾਡੀ ਜ਼ਿੰਮੇਵਾਰੀ ਹੈ।ਉਨ੍ਹਾਂ ਦੱਸਿਆ ਕਿ ਸਰਕਾਰ ਨੇ ਛੱਠ ਪੂਜਾ ਲਈ ਸੂਬੇ ਵਿੱਚ 104 ਥਾਵਾਂ ਦੀ ਪਛਾਣ ਕਰ ਕੇ ਸ਼ਰਧਾਲੂਆਂ ਦੀ ਸਹੂਲਤ ਲਈ ਵਿਆਪਕ ਪ੍ਰਬੰਧ ਕੀਤੇ ਹਨ। ਉਨ੍ਹਾਂ ਕਿਹਾ ਕਿ ਇਹ ਤਿਉਹਾਰ ਭਾਈਚਾਰਕ ਸਾਂਝ, ਆਸਥਾ, ਏਕਤਾ ਅਤੇ ਸਮੂਹਿਕ ਸ਼ਮੂਲੀਅਤ ਦੀਆਂ ਕਦਰਾਂ-ਕੀਮਤਾਂ ਨੂੰ ਮਜ਼ਬੂਤ ਕਰਦਾ ਹੈ।

ਮੁੱਖ ਮੰਤਰੀ ਨੇ ਪਰਵਾਸੀ ਪਰਿਵਾਰਾਂ ਨੂੰ ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮਿਆਰੀ ਸਿੱਖਿਆ ਲਈ ਚੰਗੇ ਸਕੂਲ ਸਥਾਪਤ ਕਰ ਰਹੀ ਹੈ, ਤਾਂ ਜੋ ਹਰ ਵਰਗ ਦੇ ਬੱਚੇ ਪੜ੍ਹ-ਲਿਖ ਕੇ ਅਫ਼ਸਰ ਬਣਨ ਦੇ ਸੁਪਨੇ ਦੇਖ ਸਕਣ ਅਤੇ ਸਮਾਜ ਵਿੱਚ ਯੋਗਦਾਨ ਪਾ ਸਕਣ।

ਤੀਰਥ ਯਾਤਰਾ ਬੱਸ ਹਾਦਸੇ ਦੇ ਮ੍ਰਿਤਕਾਂ ਦੇ ਵਾਰਸਾਂ ਨੂੰ 5-5 ਲੱਖ ਤੇ ਜ਼ਖ਼ਮੀਆਂ ਨੂੰ 1-1 ਲੱਖ ਰੁਪਏ ਮੁਆਵਜ਼ੇ ਦਾ ਐਲਾਨ

ਸਾਂਝੀ ਖ਼ਬਰ

(ਗਗਨਦੀਪ ਕੌਰ)

ਚੰਡੀਗੜ੍ਹ, 15 ਨਵੰਬਰ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਤਰਨ ਤਾਰਨ ਵਿਖੇ ‘ਮੁੱਖ ਮੰਤਰੀ ਤੀਰਥ ਯਾਤਰਾ ਬੱਸ ਯੋਜਨਾ’ ਦੀਆਂ ਦੋ ਬੱਸਾਂ ਦੀ ਆਹਮੋ-ਸਾਹਮਣੇ ਹੋਈ ਟੱਕਰ ਦੇ ਪੀੜਤਾਂ ਲਈ ਅੱਜ ਪੰਜ ਮ੍ਰਿਤਕਾਂ ਦੇ ਵਾਰਸਾਂ ਨੂੰ ਪੰਜ-ਪੰਜ ਲੱਖ ਰੁਪਏ ਅਤੇ 11 ਜ਼ਖ਼ਮੀਆਂ ਨੂੰ ਇੱਕ-ਇੱਕ ਲੱਖ ਰੁਪਏ ਦੀ ਐਕਸ-ਗ੍ਰੇਸ਼ੀਆ ਰਾਸ਼ੀ ਦੇਣ ਦਾ ਐਲਾਨ ਕੀਤਾ ਹੈ।

ਸਰਕਾਰੀ ਗੁਰੂ ਨਾਨਕ ਦੇਵ ਹਸਪਤਾਲ, ਜਿੱਥੇ 11 ਜ਼ਖ਼ਮੀ ਜ਼ੇਰੇ ਇਲਾਜ ਹਨ, ਵਿਖੇ ਲਗਪਗ 45 ਮਿੰਟ ਤੱਕ ਜ਼ਖ਼ਮੀਆਂ ਦਾ ਹਾਲ-ਚਾਲ ਪੁੱਛਣ ਤੋਂ ਬਾਅਦ ਉਨ੍ਹਾਂ ਐਲਾਨ ਕੀਤਾ ਕਿ ਇਨ੍ਹਾਂ ਦੇ ਇਲਾਜ ਦਾ ਸਾਰਾ ਖ਼ਰਚਾ ਸਰਕਾਰ ਵੱਲੋਂ ਚੁੱਕਿਆ ਜਾਵੇਗਾ।



ਮੀਡੀਆ ਦੇ ਇੱਕ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਇਸ ਮਾਮਲੇ ਵਿੱਚ ਕਿਸੇ ਵੀ ਤਰ੍ਹਾਂ ਦੀ ਜਾਂਚ ਜਾਂ ਯੋਜਨਾ ਤਹਿਤ ਚੱਲਣ ਵਾਲੀਆਂ ਬੱਸਾਂ ਦੇ ਪ੍ਰਬੰਧਾਂ ਦੀ ਸਮੀਖਿਆ ਕਰਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਇਹ ਮਹਿਜ਼ ਇੱਕ ਸੜਕ ਹਾਦਸਾ ਸੀ। ਉਨ੍ਹਾਂ ਦੱਸਿਆ ਕਿ ਸੜਕ ’ਤੇ ਇੱਕ ਚਾਲਕ ਵੱਲੋਂ ਅਚਾਨਕ ਮੋੜ ਕੱਟਣ ਕਾਰਨ ਇੱਕ ਬੱਸ ਡਰਾਈਵਰ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ, ਜਿਸ ਲਈ ਉਸ ਨੇ ਤੇਜ਼ੀ ਨਾਲ ਬੱਸ ਨੂੰ ਦੂਜੇ ਪਾਸੇ ਮੋੜਿਆ। ਇਹ ਮਹਿਜ਼ ਇੱਕ ਇਤਫ਼ਾਕ ਸੀ ਕਿ ਦੂਜੇ ਪਾਸਿਓਂ ਵੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਦੀ ਹੀ ਇੱਕ ਹੋਰ ਬੱਸ ਆ ਰਹੀ ਸੀ। ਦੋਵਾਂ ਬੱਸਾਂ ਦੀ ਆਪਸ ਵਿੱਚ ਟੱਕਰ ਹੋ ਗਈ, ਜਿਸ ਕਾਰਨ ਚਾਰ ਸ਼ਰਧਾਲੂਆਂ ਅਤੇ ਮੋਟਰਸਾਈਕਲ ਸਵਾਰ ਇੱਕ ਔਰਤ ਦੀ ਮੌਤ ਹੋ ਗਈ ਅਤੇ 11 ਹੋਰ ਜ਼ਖ਼ਮੀ ਹੋ ਗਏ।

ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਜ਼ਖ਼ਮੀਆਂ ਦੀ ਸਿਹਤ ਦਾ ਜਾਇਜ਼ਾ ਲਿਆ ਅਤੇ ਪਾਇਆ ਕਿ ਉਨ੍ਹਾਂ ਵਿੱਚੋਂ ਕਈਆਂ ਦੇ ਸਿਰ ਵਿੱਚ ਸੱਟਾਂ ਲੱਗੀਆਂ ਹਨ ਅਤੇ ਹੱਡੀਆਂ ਟੁੱਟੀਆਂ ਹਨ (ਫਰੈਕਚਰ ਹੋਏ ਹਨ)। ਉਨ੍ਹਾਂ ਅੱਗੇ ਕਿਹਾ ਕਿ ਇਲਾਜ ਕਰ ਰਹੇ ਡਾਕਟਰਾਂ ਨੇ ਉਨ੍ਹਾਂ ਨੂੰ ਦੱਸਿਆ ਹੈ ਕਿ ਸਾਰੇ ਜ਼ਖ਼ਮੀ ਖ਼ਤਰੇ ਤੋਂ ਬਾਹਰ ਹਨ।

ਉਨ੍ਹਾਂ ਵਿਸਥਾਰ ਨਾਲ ਦੱਸਿਆ ਕਿ ਯੋਜਨਾ ਤਹਿਤ ਬੱਸਾਂ ਦਾ ਪ੍ਰਬੰਧ ਪੂਰੀ ਤਰ੍ਹਾਂ ਦਰੁਸਤ ਹੈ ਕਿਉਂਕਿ ਰੋਜ਼ਾਨਾ 70 ਬੱਸਾਂ ਵਿੱਚ 3,000 ਤੋਂ ਵੱਧ ਸ਼ਰਧਾਲੂ ਇਸ ਸਹੂਲਤ ਦਾ ਲਾਭ ਲੈ ਰਹੇ ਹਨ।

ਇਨ੍ਹਾਂ ਬੱਸਾਂ ਦੇ 17,000 ਗੇੜਿਆਂ ਵਿੱਚ ਸੱਤ ਲੱਖ ਤੋਂ ਵੱਧ ਸ਼ਰਧਾਲੂ ਆਪਣੀ ਤੀਰਥ ਯਾਤਰਾ ਪੂਰੀ ਕਰ ਚੁੱਕੇ ਹਨ। ਪਹਿਲਾਂ ਕਦੇ ਵੀ ਅਜਿਹਾ ਹਾਦਸਾ ਨਹੀਂ ਵਾਪਰਿਆ।

'ਵੋਟਰ ਸੂਚੀ ਦੀਆਂ ਸਾਰੀਆਂ ਕਮੀਆਂ ਨੂੰ ਦੂਰ ਕਰਨ ਲਈ ਵਚਨਬੱਧ', ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ’ਚ ਦਾਇਰ ਕੀਤਾ ਹਲਫ਼ਨਾਮਾ

ਸਾਂਝੀ ਖ਼ਬਰ

(ਕੁਲਦੀਪ ਸਿੰਘ)

ਨਵੀਂ ਦਿੱਲੀ, 15 ਨਵੰਬਰ

ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਵਿੱਚ ਹਲਫ਼ਨਾਮਾ ਦਾਇਰ ਕਰਦਿਆਂ ਦੱਸਿਆ ਹੈ ਕਿ ਉਹ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਸਾਰੇ ਯੋਗ ਵੋਟਰਾਂ ਦੇ ਨਾਮ ਵੋਟਰ ਸੂਚੀ ਵਿੱਚ ਸ਼ਾਮਲ ਹੋਣ।

ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਕਮਿਸ਼ਨ 'ਵਿਸ਼ੇਸ਼ ਡੂੰਘੀ ਸੁਧਾਈ' (SIR) ਪ੍ਰਕਿਰਿਆ ਦੌਰਾਨ ਵੋਟਰ ਸੂਚੀਆਂ



ਵਿੱਚ ਮੌਜੂਦ ਕਮੀਆਂ ਨੂੰ ਵੀ ਦੂਰ ਕਰ ਰਿਹਾ ਹੈ।

ਪੀ.ਟੀ.ਆਈ. (PTI) ਦੀ ਰਿਪੋਰਟ ਮੁਤਾਬਕ, ਚੋਣ ਕਮਿਸ਼ਨ ਨੇ ਸੁਪਰੀਮ ਕੋਰਟ ਨੂੰ ਕਿਹਾ, "ਸਮੇਂ-ਸਮੇਂ 'ਤੇ ਕੁਝ ਸਮੱਸਿਆਵਾਂ ਆਉਂਦੀਆਂ ਰਹੀਆਂ ਹਨ ਅਤੇ ਅੱਗੇ ਵੀ ਆ ਸਕਦੀਆਂ ਹਨ। ਕਮਿਸ਼ਨ ਇਸ ਗੱਲ ਨੂੰ ਲੈ ਕੇ ਪੂਰੀ ਤਰ੍ਹਾਂ ਸੁਚੇਤ ਹੈ ਕਿ ਜੋ ਲੋਕ ਵੋਟ ਪਾਉਣ ਦੇ ਯੋਗ ਹਨ, ਉਨ੍ਹਾਂ ਦੇ ਨਾਮ ਵੋਟਰ ਸੂਚੀ ਵਿੱਚ ਹੋਣ। ਨਾਲ ਹੀ, ਇਹ ਵੀ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਇਨ੍ਹਾਂ ਸੂਚੀਆਂ ਵਿੱਚ ਮੌਜੂਦ ਸਾਰੀਆਂ ਕਮੀਆਂ ਨੂੰ ਦੂਰ ਕੀਤਾ ਜਾਵੇ।"

ਚੋਣ ਕਮਿਸ਼ਨ ਨੇ ਕਿਹਾ, "ਜਿਨ੍ਹਾਂ ਵੋਟਰਾਂ ਦੇ ਨਾਮ ਪਿਛਲੀ ਵੋਟਰ ਸੂਚੀ ਵਿੱਚ ਸਨ ਪਰ ਮੌਜੂਦਾ ਡਰਾਫਟ ਵੋਟਰ ਸੂਚੀ ਵਿੱਚੋਂ ਗਾਇਬ ਹਨ, ਉਹ ਬਿਨਾਂ ਕਿਸੇ ਕਾਨੂੰਨੀ ਕਾਰਵਾਈ ਦੇ ਡਰ ਤੋਂ 'ਫਾਰਮ 6' ਭਰ ਕੇ ਮੁੜ ਅਰਜ਼ੀ ਦੇ ਸਕਦੇ ਹਨ। ਬਸ਼ਰਤੇ, ਉਹ ਕਿਸੇ ਹੋਰ ਸੰਸਦੀ ਜਾਂ ਵਿਧਾਨ ਸਭਾ ਹਲਕੇ ਵਿੱਚ ਪਹਿਲਾਂ ਤੋਂ ਰਜਿਸਟਰਡ ਨਾ ਹੋਣ ਅਤੇ ਉਨ੍ਹਾਂ ਵੱਲੋਂ ਦਿੱਤੇ ਗਏ ਘੋਸ਼ਣਾ-ਪੱਤਰ ਕਾਨੂੰਨ ਦੇ ਅਨੁਕੂਲ ਹੋਣ।"

ਚੋਣ ਕਮਿਸ਼ਨ ਨੇ ਅਦਾਲਤ ਨੂੰ ਇਹ ਵੀ ਦੱਸਿਆ, "ਉਨ੍ਹਾਂ ਵੋਟਰਾਂ ਤੱਕ ਪਹੁੰਚਣ ਦੇ ਸੁਝਾਅ 'ਤੇ ਧਿਆਨ ਦਿੱਤਾ ਗਿਆ ਹੈ ਜਿਨ੍ਹਾਂ ਨੂੰ 'ASDD' (ਗ਼ੈਰ-ਹਾਜ਼ਰ, ਤਬਦੀਲ, ਮ੍ਰਿਤਕ ਜਾਂ ਡੁਪਲੀਕੇਟ) ਸ਼੍ਰੇਣੀ ਵਿੱਚ ਰੱਖਿਆ ਗਿਆ ਹੈ, ਤਾਂ ਜੋ ਉਨ੍ਹਾਂ ਨੂੰ ਵੋਟਰ ਸੂਚੀ ਵਿੱਚ ਮੁੜ ਸ਼ਾਮਲ ਕੀਤਾ ਜਾ ਸਕੇ।"ਚੋਣ ਕਮਿਸ਼ਨ ਵੱਲੋਂ ਇਹ ਸਪੱਸ਼ਟੀਕਰਨ ਉਦੋਂ ਆਇਆ ਹੈ, ਜਦੋਂ ਅਜਿਹੀਆਂ ਚਿੰਤਾਵਾਂ ਪ੍ਰਗਟਾਈਆਂ ਗਈਆਂ ਸਨ ਕਿ ਜੋ ਲੋਕ ਪਹਿਲਾਂ ਤੋਂ ਰਜਿਸਟਰਡ ਹਨ, ਉਹ ਜੇਕਰ ਮੁੜ 'ਫਾਰਮ 6' ਜਮ੍ਹਾਂ ਕਰਵਾਉਂਦੇ ਹਨ, ਤਾਂ ਉਨ੍ਹਾਂ 'ਤੇ 'ਲੋਕ ਪ੍ਰਤੀਨਿਧਤਾ ਐਕਟ, 1950' ਦੀ ਧਾਰਾ 31 ਤਹਿਤ ਕਾਨੂੰਨੀ ਕਾਰਵਾਈ ਹੋ ਸਕਦੀ ਹੈ।

ਕਮਿਸ਼ਨ ਨੇ 6 ਨਵੰਬਰ, 2026 ਨੂੰ ਉਨ੍ਹਾਂ ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਮੁੱਖ ਚੋਣ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ, ਜਿੱਥੇ 'ਵਿਸ਼ੇਸ਼ ਡੂੰਘੀ ਸੁਧਾਈ' (SIR) ਚੱਲ ਰਹੀ ਹੈ।

ਚੋਣ ਕਮਿਸ਼ਨ ਨੇ ਮੁੱਖ ਚੋਣ ਅਧਿਕਾਰੀਆਂ ਨੂੰ ਨਿਰਦੇਸ਼ ਦਿੰਦਿਆਂ ਕਿਹਾ, "ਉਹ ਵੋਟਰਾਂ ਨੂੰ ਆਪਣੇ ਮੌਜੂਦਾ ਰਿਹਾਇਸ਼ੀ ਸਥਾਨ 'ਤੇ ਐਨੂਮਰੇਸ਼ਨ ਫਾਰਮ (ਗਣਨਾ ਫਾਰਮ) ਭਰ ਕੇ ਇਲੈਕਟੋਰਲ ਰਜਿਸਟ੍ਰੇਸ਼ਨ ਅਫ਼ਸਰ (ERO), ਅਸਿਸਟੈਂਟ ਇਲੈਕਟੋਰਲ ਰਜਿਸ-ਟ੍ਰੇਸ਼ਨ ਅਫ਼ਸਰ (AERO) ਜਾਂ ਬੂਥ ਲੈਵਲ ਅਫ਼ਸਰ (BLO) ਕੋਲ ਜਮ੍ਹਾਂ ਕਰਵਾਉਣ ਦੀ ਇਜਾਜ਼ਤ ਦੇਣ।"



ਸਸਤੀਆਂ ਹੋਣਗੀਆਂ ਦਾਲਾਂ ! ਮਹਿੰਗਾਈ ਤੋਂ ਮਿਲ ਸਕਦੀ ਹੈ ਰਾਹਤ, ਜਮ੍ਹਾਖੋਰਾਂ ਖ਼ਿਲਾਫ਼ ਸਰਕਾਰ ਨੇ ਕੱਸਿਆ ਸ਼ਿਕੰਜਾ

ਸਾਂਝੀ ਖ਼ਬਰ

(ਗੁਰਜੀਤ ਕੌਰ)

ਪਟਿਆਲਾ, 15 ਨਵੰਬਰ

ਤਿਉਹਾਰਾਂ ਦਾ ਸੀਜ਼ਨ ਖ਼ਤਮ ਹੋਣ ਤੋਂ ਬਾਅਦ ਵੀ ਦਾਲਾਂ ਦੀਆਂ ਕੀਮਤਾਂ ’ਚ ਕਮੀ ਨਾ ਆਉਣ ਕਾਰਨ ਸਰਕਾਰ ਸਖ਼ਤ ਹੋ ਗਈ ਹੈ। ਆਮ ਲੋਕਾਂ ਨੂੰ ਮਹਿੰਗਾਈ ਤੋਂ ਰਾਹਤ ਦਿਵਾਉਣ ਅਤੇ ਬਾਜ਼ਾਰ ’ਚ ਜਮ੍ਹਾਖੋਰੀ ਰੋਕਣ ਲਈ ਕੇਂਦਰ ਸਰਕਾਰ ਨੇ ਵੱਡਾ ਕਦਮ ਚੁੱਕਿਆ ਹੈ। ਹੁਣ ਦਾਲਾਂ ਦੇ ਕਾਰੋਬਾਰ ਨਾਲ ਜੁੜੇ ਵਪਾਰੀਆਂ, ਦਰਾਮਦਕਾਰਾਂ, ਮਿੱਲ ਮਾਲਕਾਂ, ਡੀਲਰਾਂ, ਥੋਕ ਵਿਕ੍ਰੇਤਾਵਾਂ ਅਤੇ ਪ੍ਰਚੂਨ ਵਿਕ੍ਰੇਤਾਵਾਂ ਨੂੰ ਹਰ ਹਫ਼ਤੇ ਆਪਣੇ ਕੋਲ ਮੌਜੂਦ ਦਾਲਾਂ ਦੇ ਸਟਾਕ ਦੀ ਜਾਣਕਾਰੀ ਆਨਲਾਈਨ ਪੋਰਟਲ ’ਤੇ ਦੇਣੀ



ਪਵੇਗੀ।

ਖਪਤਕਾਰ ਮਾਮਲਿਆਂ ਦੇ ਮੰਤਰਾਲੇ ਦੀ ਸਕੱਤਰ ਨਿਧੀ ਖਰੇ ਨੇ ਵੱਡੇ ਪ੍ਰਚੂਨ ਵਿਕ੍ਰੇਤਾਵਾਂ, ਦਰਾਮਦ-ਕਾਰਾਂ, ਮਿੱਲ ਮਾਲਕਾਂ ਅਤੇ ਕਾਰੋਬਾਰੀਆਂ ਨਾਲ ਬੈਠਕ ਕਰ ਕੇ ਦਾਲਾਂ ਦੀ ਸਪਲਾਈ ਅਤੇ ਕੀਮਤਾਂ ਦੀ ਸਮੀਖਿਆ ਕੀਤੀ। ਉਨ੍ਹਾਂ ਸਪੱਸ਼ਟ ਕੀਤਾ ਕਿ ਤਿਉਹਾਰਾਂ ਤੋਂ ਬਾਅਦ ਦਾਲਾਂ ਦੀਆਂ ਕੀਮਤਾਂ ’ਚ ਵਾਧੇ ਦਾ ਕੋਈ ਜਾਇਜ਼ ਕਾਰਨ ਨਹੀਂ ਹੈ। ਸਰਕਾਰ ਨੇ ਕਾਰੋਬਾਰੀਆਂ ਨੂੰ ਹੁਕਮ ਦਿੱਤਾ ਹੈ ਕਿ ਮੰਡੀਆਂ ’ਚ ਦਾਲਾਂ ਦੇ ਭਾਅ ਘਟਣ ਦਾ ਲਾਭ ਆਮ ਖਪਤਕਾਰਾਂ ਤੱਕ ਵੀ ਪਹੁੰਚਣਾ ਚਾਹੀਦਾ ਹੈ।

ਸਰਕਾਰ ਮੁਤਾਬਕ, ਸਾਉਣੀ 2026 ’ਚ ਮਾਂਹ ਅਤੇ ਹੋਰ ਦਾਲਾਂ ਦੀ ਚੰਗੀ ਬੀਜਾਈ ਹੋਈ ਹੈ। ਇਸ ਤੋਂ ਇਲਾਵਾ ਹਾੜ੍ਹੀ ਦੀਆਂ ਫ਼ਸਲਾਂ ਦੀ ਬੀਜਾਈ ’ਚ ਵੀ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਨਿਯਮਿਤ ਦਰਾਮਦ ਕਾਰਨ ਬਾਜ਼ਾਰ ’ਚ ਦਾਲਾਂ ਦੀ ਉਪਲਬਧਤਾ ਬਿਹਤਰ ਬਣੀ ਹੋਈ ਹੈ। ਅਜਿਹੇ ’ਚ ਆਉਣ ਵਾਲੇ ਦਿਨਾਂ ’ਚ ਦਾਲਾਂ ਦੀਆਂ ਕੀਮਤਾਂ ’ਚ ਗਿਰਾਵਟ ਆਉਣ ਦੀ ਉਮੀਦ ਹੈ।

ਸਰਕਾਰ ਨੇ ਸਿਰਫ਼ ਦਾਲਾਂ ਹੀ ਨਹੀਂ, ਸਗੋਂ ਚੌਲਾਂ ਅਤੇ ਖੰਡ ਦੇ ਕਾਰੋਬਾਰ ’ਤੇ ਵੀ ਨਿਗਰਾਨੀ ਵਧਾ ਦਿੱਤੀ ਹੈ। 6 ਨਵੰਬਰ 2026 ਤੋਂ ਵਪਾਰੀਆਂ ਅਤੇ ਮਿੱਲ ਮਾਲਕਾਂ ਲਈ ਬਾਸਮਤੀ, ਗੈਰ-ਬਾਸਮਤੀ ਚੌਲਾਂ, ਟੋਟਾ ਚੌਲਾਂ ਅਤੇ ਝੋਨੇ ਦਾ ਹਫ਼ਤਾਵਾਰੀ ਸਟਾਕ ਦੱਸਣਾ ਲਾਜ਼ਮੀ ਕੀਤਾ ਗਿਆ ਹੈ।

‘ਆਪ’ ਸਰਕਾਰ ਦੀਆਂ ਯੋਜਨਾਵਾਂ ਬੰਦ ਕਰਨ ਦੇ ਸੁਪਨੇ ਦੇਖਣੇ ਬੰਦ ਕਰ ਦੇਵੇ ਵਿਰੋਧੀ ਧਿਰ : ਭਗਵੰਤ ਸਿੰਘ ਮਾਨ

ਸਾਂਝੀ ਖ਼ਬਰ

(ਸੰਦੀਪ ਸਿੰਘ)

ਗੁਰਦਾਸਪੁਰ, 15 ਨਵੰਬਰ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਤਵਾਰ ਨੂੰ ਵਿਰੋਧੀ ਪਾਰਟੀਆਂ ’ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਨੂੰ ਆਮ ਆਦਮੀ ਪਾਰਟੀ (ਆਪ) ਸਰਕਾਰ ਦੀਆਂ ਭਲਾਈ ਯੋਜਨਾਵਾਂ ਨੂੰ ਬੰਦ ਕਰਨ ਦੇ ਸੁਪਨੇ ਦੇਖਣੇ ਬੰਦ ਕਰ ਦੇਣ। ਕਿਉਂਕਿ ਸਰਕਾਰ ਪੰਜਾਬੀਆਂ ਦੀ ਭਲਾਈ ਲਈ ਸਰਕਾਰੀ ਖ਼ਜ਼ਾਨੇ ਦਾ ਇਕ-ਇਕ ਪੈਸਾ ਖ਼ਰਚ ਕਰਨ ਲਈ ਵਚਨਬੱਧ ਹੈ।

ਗੁਰਦਾਸਪੁਰ ਦੇ ਪਿੰਡ ਸੋਹਲ ਵਿਖੇ ਇੱਕ ‘ਲੋਕ ਮਿਲਣੀ’ ਦੌਰਾਨ ਉਨ੍ਹਾਂ ਕਿਹਾ ਕਿ ਜਿੱਥੇ ਪਿਛਲੀਆਂ ਸਰਕਾਰਾਂ ਨੇ ਆਪਣੇ ਖ਼ਜ਼ਾਨੇ ਭਰੇ, ਉੱਥੇ ਹੀ ਉਨ੍ਹਾਂ ਦੀ ਸਰਕਾਰ ਨੇ ਮੁਫ਼ਤ ਬਿਜਲੀ, 71,700 ਤੋਂ ਵੱਧ ਸਰਕਾਰੀ ਨੌਕਰੀਆਂ ਅਤੇ ਕਿਸਾਨਾ

ਬਲਟਾਣੇ ਨੂੰ ਦੀਵਾਲੀ ਮੌਕੇ ਨਗਰ ਕੌਂਸਲ ਵੱਲੋਂ ਮਿਲੇ ਅਨੋਖੇ ਤੋਹਫ਼ੇ! ਕਿਤੇ ਖੁੱਲ੍ਹੇ ਮੇਨਹੋਲ, ਕਿਤੇ ਅਵਾਰਾ ਪਸ਼ੂ ਤੇ ਕਿਤੇ ਮਹੀਨਿਆਂ ਤੋਂ ਲਟਕਦੇ ਵਿਕਾਸ ਕਾਰਜ

ਸਾਂਝੀ ਖ਼ਬਰ

ਦਿਲਬਾਗ ਸਿੰਘ ਕੰਬੋਜ ਦਾ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ ਅਤੇ ਨਗਰ ਕੌਂਸਲ ਪ੍ਰਸ਼ਾਸਨ ਨੂੰ ਸਵਾਲ—ਸਿਰਫ਼ ਅਪੀਲਾਂ ਨਾਲ ਨਹੀਂ, ਜੁਰਮਾਨਿਆਂ ਅਤੇ ਸਖ਼ਤ ਕਾਰਵਾਈ ਨਾਲ ਹੀ ਸੁਧਰਨਗੇ ਸਫ਼ਾਈ ਪ੍ਰਬੰਧ



ਪੀ ਐਸ ਮਿੱਠਾ
ਬਲਟਾਣਾ

ਦੀਵਾਲੀ ਖੁਸ਼ੀਆਂ ਅਤੇ ਤੋਹਫ਼ਿਆਂ ਦਾ ਤਿਉਹਾਰ ਹੈ, ਪਰ ਪਿੰਡ ਬਲਟਾਣਾ ਦੇ ਲੋਕਾਂ ਨੂੰ ਨਗਰ ਕੌਂਸਲ ਜ਼ੀਰਕਪੁਰ ਵੱਲੋਂ ਮਿਲੇ ਕੁਝ ਅਜਿਹੇ ਤੋਹਫ਼ੇ ਵੀ ਚਰਚਾ ਦਾ ਵਿਸ਼ਾ ਬਣੇ ਹੋਏ ਹਨ, ਜਿਨ੍ਹਾਂ ਨੂੰ ਦੇਖ ਕੇ ਲੋਕਾਂ ਦੇ ਮਨ ਵਿੱਚ ਖੁਸ਼ੀ ਦੀ ਬਜਾਏ ਚਿੰਤਾ ਪੈਦਾ ਹੋ ਰਹੀ ਹੈ।

ਨਗਰ ਕੌਂਸਲ ਜ਼ੀਰਕਪੁਰ ਦੇ ਪ੍ਰਧਾਨ ਸਰਦਾਰ ਗੁਰਪ੍ਰੀਤ ਸਿੰਘ ਵਿਰਕ ਜੀ ਨੂੰ ਵਿਅੰਗਮਈ ਅੰਦਾਜ਼ ਵਿੱਚ ਸੰਬੋਧਨ ਕਰਦਿਆਂ ਪੱਤਰਕਾਰ ਦਿਲਬਾਗ ਸਿੰਘ ਕੰਬੋਜ ਨੇ ਕਿਹਾ ਕਿ ਬਲਟਾਣੇ ਨੂੰ ਦੀਵਾਲੀ ਮੌਕੇ ਮਿਲੇ ਇਨ੍ਹਾਂ ਖ਼ਾਸ ਤੋਹਫ਼ਿਆਂ ਲਈ ਨਗਰ ਕੌਂਸਲ ਦਾ ਬਹੁਤ-ਬਹੁਤ ਧੰਨਵਾਦ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਤੋਹਫ਼ਿਆਂ ਵਿੱਚ ਸਭ ਤੋਂ ਪਹਿਲਾ ਤੋਹਫ਼ਾ ਸੜਕਾਂ ਉੱਤੇ ਉਖੜੇ ਹੋਏ ਮੇਨਹੋਲਾਂ ਦੇ ਢੱਕਣ ਹਨ, ਜੋ ਰਾਹਗੀਰਾਂ ਅਤੇ ਵਾਹਨ ਚਾਲਕਾਂ ਲਈ ਹਾਦਸਿਆਂ ਦਾ ਖ਼ਤਰਾ ਬਣੇ ਹੋਏ ਹਨ। ਕਈ ਥਾਵਾਂ ਉੱਤੇ ਅਜਿਹੀ ਹਾਲਤ ਕਿਸੇ ਵੱਡੇ ਹਾਦਸੇ ਨੂੰ ਸੱਦਾ ਦੇ ਰਹੀ ਹੈ। ਲੋਕਾਂ ਦੀ ਸੁਰੱਖਿਆ ਲਈ ਇਨ੍ਹਾਂ ਦੀ ਤੁਰੰਤ ਮੁਰੰਮਤ ਹੋਣੀ ਚਾਹੀਦੀ ਹੈ।

ਦੂਜਾ ਤੋਹਫ਼ਾ ਗਲੀਆਂ ਵਿੱਚ ਘੁੰਮਦੇ ਅਵਾਰਾ ਪਸ਼ੂ ਹਨ, ਜਿਨ੍ਹਾਂ ਕਾਰਨ ਬੱਚਿਆਂ, ਬਜ਼ੁਰਗਾਂ ਅਤੇ ਦੋਪਹੀਆ ਵਾਹਨ ਚਾਲਕਾਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਨਗਰ ਕੌਂਸਲ ਨੂੰ ਇਸ ਸਮੱਸਿਆ ਵੱਲ ਵੀ ਗੰਭੀਰਤਾ ਨਾਲ ਧਿਆਨ ਦੇਣ ਦੀ ਲੋੜ ਹੈ।

ਤੀਜਾ ਤੋਹਫ਼ਾ ਟੁੱਟੀਆਂ ਗਲੀਆਂ ਦੀ ਮੁਰੰਮਤ ਦਾ ਹੈ। ਜਿੱਥੇ ਇੱਕ ਹਫ਼ਤੇ ਵਿੱਚ ਮੁਕੰਮਲ ਹੋਣ ਵਾਲਾ ਕੰਮ ਹੋਣਾ ਚਾਹੀਦਾ ਹੈ, ਉੱਥੇ ਕੰਮ ਮਹੀਨਿਆਂ ਤੋਂ ਲਟਕਿਆ ਪਿਆ ਹੈ। ਗਲੀਆਂ ਪੁੱਟੀਆਂ ਹੋਈਆਂ ਹਨ ਅਤੇ ਲੋਕਾਂ ਨੂੰ ਰੋਜ਼ਾਨਾ ਆਉਣ-ਜਾਣ ਵਿੱਚ ਪਰੇਸ਼ਾਨੀ ਝੱਲਣੀ ਪੈ ਰਹੀ ਹੈ।

ਦਿਲਬਾਗ ਸਿੰਘ ਕੰਬੋਜ ਨੇ ਕਿਹਾ ਕਿ ਇਨ੍ਹਾਂ ਤੋਹਫ਼ਿਆਂ ਤੋਂ ਇਲਾਵਾ ਬਲਟਾਣੇ ਦੀਆਂ ਗਲੀਆਂ ਵਿੱਚ ਥਾਂ-ਥਾਂ ਕੂੜੇ ਦੇ ਢੇਰ ਵੀ ਸਫ਼ਾਈ ਪ੍ਰਬੰਧਾਂ ਦੀ ਹਾਲਤ ਬਿਆਨ ਕਰ ਰਹੇ ਹਨ। ਸੈਣੀ ਵਿਹਾਰ, ਆਨੰਦ ਵਿਹਾਰ ਅਤੇ ਗਿੱਲ ਕਲੋਨੀ ਵਰਗੀਆਂ ਕਲੋਨੀਆਂ ਦੇ ਵਸਨੀਕ ਮੇਨ ਰੋਡ ਉੱਤੇ ਬਣੇ ਕੂੜੇ ਦੇ ਡੰਪ ਅਤੇ ਗੰਦਗੀ ਕਾਰਨ ਪ੍ਰੇਸ਼ਾਨ ਹਨ।

ਉਨ੍ਹਾਂ ਸਪੱਸ਼ਟ ਕੀਤਾ ਕਿ ਮੇਰਾ ਮਕਸਦ ਪ੍ਰਧਾਨ ਗੁਰਪ੍ਰੀਤ ਸਿੰਘ ਵਿਰਕ ਜੀ ਨੂੰ ਬਦਨਾਮ ਕਰਨਾ ਜਾਂ ਉਨ੍ਹਾਂ ਨਾਲ ਕੋਈ ਨਿੱਜੀ ਵਿਰੋਧ ਰੱਖਣਾ ਨਹੀਂ ਹੈ। ਮੇਰਾ ਮਕਸਦ ਸਿਰਫ਼ ਇਹ ਹੈ ਕਿ ਜਿਹੜੀਆਂ ਸਮੱਸਿਆਵਾਂ ਲੋਕਾਂ ਨੂੰ ਪਰੇਸ਼ਾਨ ਕਰ ਰਹੀਆਂ ਹਨ, ਉਨ੍ਹਾਂ ਦਾ ਹੱਲ ਹੋਵੇ। ਲੋਕ ਟੈਕਸ ਭਰਦੇ ਹਨ, ਵੋਟਾਂ ਪਾ ਕੇ ਨੁਮਾਇੰਦੇ ਚੁਣਦੇ ਹਨ ਅਤੇ ਬਦਲੇ ਵਿੱਚ ਬੁਨਿਆਦੀ ਸਹੂਲਤਾਂ ਦੀ ਉਮੀਦ ਰੱਖਦੇ ਹਨ।

ਉਨ੍ਹਾਂ ਕਿਹਾ ਕਿ ਜਦੋਂ ਤੱਕ ਨਗਰ ਕੌਂਸਲ ਕੂੜਾ ਗਲਤ ਥਾਵਾਂ ਉੱਤੇ ਸੁੱਟਣ ਵਾਲਿਆਂ ਖ਼ਿਲਾਫ਼ ਜੁਰਮਾਨੇ ਨਹੀਂ ਲਗਾਉਂਦੀ, ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਉੱਤੇ ਸਖ਼ਤ ਕਾਰਵਾਈ ਨਹੀਂ ਕਰਦੀ ਅਤੇ ਆਪਣੇ ਸਫ਼ਾਈ ਕਰਮਚਾਰੀਆਂ ਤੇ ਸਬੰਧਤ ਅਧਿਕਾਰੀਆਂ ਦੀ ਜਵਾਬਦੇਹੀ ਤੈਅ ਨਹੀਂ ਕਰਦੀ, ਉਦੋਂ ਤੱਕ ਅਜਿਹੇ ਹਾਲਾਤ ਵਿੱਚ ਵੱਡਾ ਬਦਲਾਅ ਆਉਣਾ ਮੁਸ਼ਕਲ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸਿਰਫ਼ ਪ੍ਰਸ਼ਾਸਨ ਨੂੰ ਦੋਸ਼ ਦੇਣਾ ਵੀ ਠੀਕ ਨਹੀਂ। ਜਿਹੜੇ ਲੋਕ ਖੁਦ ਗਲੀਆਂ, ਸੜਕਾਂ ਅਤੇ ਖਾਲੀ ਥਾਵਾਂ ਉੱਤੇ ਕੂੜਾ ਸੁੱਟਦੇ ਹਨ, ਉਨ੍ਹਾਂ ਨੂੰ ਵੀ ਆਪਣੀ ਜ਼ਿੰਮੇਵਾਰੀ ਸਮਝਣੀ ਪਵੇਗੀ। ਸਾਫ਼-ਸਫ਼ਾਈ ਲਈ ਪ੍ਰਸ਼ਾਸਨ ਅਤੇ ਲੋਕਾਂ ਦੋਵਾਂ ਦਾ ਸਹਿਯੋਗ ਜ਼ਰੂਰੀ ਹੈ।

ਪੱਤਰਕਾਰ ਦਿਲਬਾਗ ਸਿੰਘ ਕੰਬੋਜ ਨੇ ਕਿਹਾ ਕਿ ਜਿਸ ਤਰ੍ਹਾਂ ਲਗਾਤਾਰ ਆਵਾਜ਼ ਉਠਾਉਣ ਤੋਂ ਬਾਅਦ ਬਲਟਾਣੇ ਵਿੱਚ ਡੰਪਿੰਗ ਦੀ ਸਮੱਸਿਆ ਖ਼ਤਮ ਕਰਵਾਉਣ ਲਈ ਯਤਨ ਕੀਤੇ ਗਏ, ਉਸੇ ਤਰ੍ਹਾਂ ਹੁਣ ਇਹ ਯਕੀਨੀ ਬਣਾਇਆ ਜਾਣਾ ਚਾਹੀਦਾ ਹੈ ਕਿ ਕਿਸੇ ਵੀ ਕਲੋਨੀ ਜਾਂ ਰਿਹਾਇਸ਼ੀ ਇਲਾਕੇ ਵਿੱਚ ਕੂੜੇ ਦੇ ਨਵੇਂ ਡੰਪ ਨਾ ਬਣਨ।

ਅੰਤ ਵਿੱਚ ਉਨ੍ਹਾਂ ਨਗਰ ਕੌਂਸਲ ਪ੍ਰਧਾਨ ਅਤੇ ਅਧਿਕਾਰੀਆਂ ਨੂੰ ਅਪੀਲ ਕੀਤੀ ਕਿ ਸਫ਼ਾਈ ਮੁਹਿੰਮ ਸਿਰਫ਼ ਬੈਨਰਾਂ, ਐਲਾਨਾਂ ਅਤੇ ਕਾਗਜ਼ਾਂ ਤੱਕ ਸੀਮਤ ਨਾ ਰਹੇ। ਅਧਿਕਾਰੀਆਂ ਦੀ ਕਾਰਗੁਜ਼ਾਰੀ ਦੀ ਨਿਯਮਤ ਜਾਂਚ ਹੋਵੇ, ਲਾਪਰਵਾਹੀ ਕਰਨ ਵਾਲਿਆਂ ਦੀ ਜਵਾਬਦੇਹੀ ਤੈਅ ਹੋਵੇ ਅਤੇ ਲੋਕਾਂ ਨੂੰ ਸਾਫ਼-ਸੁਥਰੀਆਂ ਗਲੀਆਂ, ਸੁਰੱਖਿਅਤ ਸੜਕਾਂ ਅਤੇ ਬੁਨਿਆਦੀ ਸਹੂਲਤਾਂ ਮਿਲਣ।

ਕਿਉਂਕਿ ਲੋਕਾਂ ਨੂੰ ਤੋਹਫ਼ਿਆਂ ਦੇ ਨਾਂ 'ਤੇ ਖ਼ਤਰੇ ਅਤੇ ਪਰੇਸ਼ਾਨੀਆਂ ਨਹੀਂ, ਸਗੋਂ ਸਾਫ਼-ਸੁਥਰਾ ਬਲਟਾਣਾ ਅਤੇ ਵਧੀਆ ਪ੍ਰਬੰਧ ਚਾਹੀਦੇ ਹਨ।

ਸਾਡਾ ਮਕਸਦ ਕਿਸੇ ਨੂੰ ਬਦਨਾਮ ਕਰਨਾ ਨਹੀਂ, ਸਗੋਂ ਸਿਸਟਮ ਨੂੰ ਜਵਾਬਦੇਹ ਬਣਾਉਣਾ ਹੈ।

ਪੰਜਾਬ 'ਚ ਭਾਜਪਾ ਦੀ ਸਰਕਾਰ ਬਣਨ 'ਤੇ ਹਲਕੇ 'ਚ ਸਭ ਤੋਂ ਪਹਿਲਾਂ ਛੱਠ ਪੂਜਾ ਲਈ ਪੱਕਾ ਘਾਟ ਬਣਾਇਆ ਜਾਵੇਗਾ : ਸੰਜੀਵ ਖੰਨਾ

ਸਾਂਝੀ ਖ਼ਬਰ

ਜ਼ੀਰਕਪੁਰ ਅਤੇ ਡੇਰਾਬੱਸੀ ਦੇ ਵੱਖ-ਵੱਖ ਛੱਠ ਪੂਜਾ ਸਮਾਗਮਾਂ 'ਚ ਭਾਜਪਾ ਆਗੂ ਸੰਜੀਵ ਖੰਨਾ ਨੇ ਕੀਤੀ ਸ਼ਿਰਕਤ

ਮੁਬਾਰਿਕਪੁਰ ਵਿਖੇ ਘੱਗਰ ਦਰਿਆ ਦੇ ਛੱਠ ਘਾਟ 'ਤੇ ਪੂਜਾ ਕਮੇਟੀ ਵੱਲੋਂ ਸੰਜੀਵ ਖੰਨਾ ਦਾ ਕੀਤਾ ਗਿਆ ਸਨਮਾਨ



ਪੀ ਐਸ ਮਿੱਠਾ
ਜ਼ੀਰਕਪੁਰ

ਭਾਜਪਾ ਆਗੂ ਸੰਜੀਵ ਖੰਨਾ ਨੇ ਕਿਹਾ ਕਿ ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਨ 'ਤੇ ਡੇਰਾਬੱਸੀ ਵਿਧਾਨ ਸਭਾ ਹਲਕੇ ਵਿੱਚ ਸਭ ਤੋਂ ਪਹਿਲਾਂ ਛੱਠ ਪੂਜਾ ਲਈ ਪੱਕੇ ਘਾਟ ਦਾ ਨਿਰਮਾਣ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਹਲਕੇ ਵਿੱਚ ਵੱਡੀ ਗਿਣਤੀ ਵਿੱਚ ਪੂਰਵਾਂਚਲ ਸਮਾਜ ਦੇ ਲੋਕ ਰਹਿੰਦੇ ਹਨ, ਜੋ ਹਰ ਸਾਲ ਛੱਠ ਮਹਾਪਰਵ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ। ਪਰ ਪੱਕੇ ਘਾਟ ਦੀ ਸਹੂਲਤ ਨਾ ਹੋਣ ਕਾਰਨ ਸ਼ਰਧਾਲੂਆਂ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਭਾਜਪਾ ਆਗੂ ਸੰਜੀਵ ਖੰਨਾ ਨੇ ਜ਼ੀਰਕਪੁਰ ਅਤੇ ਡੇਰਾਬੱਸੀ ਇਲਾਕੇ ਵਿੱਚ ਵੱਖ-ਵੱਖ ਥਾਵਾਂ 'ਤੇ ਕਰਵਾਏ ਗਏ ਛੱਠ ਪੂਜਾ ਸਮਾਗਮਾਂ ਵਿੱਚ ਸ਼ਿਰਕਤ ਕੀਤੀ। ਇਸ ਦੌਰਾਨ ਉਹ ਡੇਰਾਬੱਸੀ ਨੇੜੇ ਮੁਬਾਰਿਕਪੁਰ ਵਿਖੇ ਘੱਗਰ ਦਰਿਆ ਦੇ ਕੰਢੇ ਬਣਾਏ ਗਏ ਛੱਠ ਘਾਟ 'ਤੇ ਪਹੁੰਚੇ, ਜਿੱਥੇ ਮਾਂ ਛੱਠ ਪੂਜਾ ਸੇਵਾ ਸਮਿਤੀ ਵੱਲੋਂ ਕਰਵਾਏ ਗਏ ਅੱਠਵੇਂ ਛੱਠ ਪੂਜਨ ਸਮਾਗਮ ਦੌਰਾਨ ਕਮੇਟੀ ਦੇ ਅਹੁਦੇਦਾਰਾਂ ਅਤੇ ਸ਼ਰਧਾਲੂਆਂ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕਰਦਿਆਂ ਵਿਸ਼ੇਸ਼ ਸਨਮਾਨ ਕੀਤਾ।

ਇਸ ਮੌਕੇ ਸੰਜੀਵ ਖੰਨਾ ਨੇ ਕਿਹਾ ਕਿ ਛੱਠ ਮਹਾਪਰਵ ਸਾਡੀ ਧਾਰਮਿਕ ਆਸਥਾ, ਸੱਭਿਆਚਾਰ ਅਤੇ ਆਪਸੀ ਭਾਈਚਾਰੇ ਦਾ ਪ੍ਰਤੀਕ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਵੱਡੀ ਗਿਣਤੀ ਵਿੱਚ ਸ਼ਰਧਾਲੂ ਸੂਰਜ ਦੇਵਤਾ ਨੂੰ ਅਰਘ ਦੇਣ ਲਈ ਘਾਟਾਂ 'ਤੇ ਪਹੁੰਚਦੇ ਹਨ। ਇਸ ਲਈ ਸ਼ਰਧਾਲੂਆਂ ਦੀ ਸਹੂਲਤ ਵਾਸਤੇ ਪੱਕੇ ਘਾਟ ਦੇ ਨਾਲ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ, ਰੌਸ਼ਨੀ ਅਤੇ ਸੁਰੱਖਿਆ ਦੇ ਪੁਖ਼ਤਾ ਪ੍ਰਬੰਧ ਹੋਣੇ ਚਾਹੀਦੇ ਹਨ।

ਸੰਜੀਵ ਖੰਨਾ ਨੇ ਕਿਹਾ, *"ਛੱਠ ਮਈਆ ਦਾ ਆਸ਼ੀਰਵਾਦ ਮੇਰੇ ਅਤੇ ਤੁਹਾਡੇ ਸਾਰਿਆਂ ਉੱਪਰ ਇਸੇ ਤਰ੍ਹਾਂ ਬਣਿਆ ਰਹੇ। ਸਾਡਾ ਆਪਸੀ ਪਿਆਰ ਅਤੇ ਭਾਈਚਾਰਾ ਹਮੇਸ਼ਾ ਕਾਇਮ ਰਹੇ। ਪੰਜਾਬ ਵਿੱਚ ਭਾਜਪਾ ਦੀ ਸਰਕਾਰ ਬਣਨ 'ਤੇ ਹਲਕੇ ਵਿੱਚ ਛੱਠ ਪੂਜਾ ਲਈ ਪੱਕਾ ਘਾਟ ਬਣਾਉਣਾ ਸਾਡੀ ਪਹਿਲੀ ਤਰਜੀਹ ਹੋਵੇਗੀ।"*

ਇਸ ਤੋਂ ਇਲਾਵਾ ਸੰਜੀਵ ਖੰਨਾ ਨੇ ਜ਼ੀਰਕਪੁਰ ਦੀਆਂ ਵੱਖ-ਵੱਖ ਰਿਹਾਇਸ਼ੀ ਸੁਸਾਇਟੀਆਂ ਵਿੱਚ ਕਰਵਾਏ ਗਏ ਛੱਠ ਪੂਜਾ ਸਮਾਗਮਾਂ ਵਿੱਚ ਵੀ ਸ਼ਿਰਕਤ ਕੀਤੀ। ਉਨ੍ਹਾਂ ਸ਼ਰਧਾਲੂਆਂ ਅਤੇ ਪ੍ਰਬੰਧਕ ਕਮੇਟੀਆਂ ਦੇ ਮੈਂਬਰਾਂ ਨਾਲ ਮੁਲਾਕਾਤ ਕਰਕੇ ਛੱਠ ਮਹਾਪਰਵ ਦੀਆਂ ਵਧਾਈਆਂ ਦਿੱਤੀਆਂ।

ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਏਕਤਾ, ਪਿਆਰ ਅਤੇ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਦੇ ਹਨ। ਉਨ੍ਹਾਂ ਛੱਠ ਮਈਆ ਅੱਗੇ ਸਮੂਹ ਇਲਾਕਾ ਨਿਵਾਸੀਆਂ ਦੀ ਸੁੱਖ-ਸ਼ਾਂਤੀ, ਖੁਸ਼ਹਾਲੀ ਅਤੇ ਤੰਦਰੁਸਤੀ ਲਈ ਅਰਦਾਸ ਕੀਤੀ।

ਸੇਂਟ ਸੋਲਜਰ ਸਕੂਲ ਦਾ ਸਾਲਾਨਾ ਸਮਾਰੋਹ ਕਲਾ ਤੇ ਸਮਰਪਣ ਦਾ ਅਦਭੁੱਤ ਨਮੂਨਾ ਸੀ : ਜੋਹਨ ਕੈਂਡਲ

ਸਾਂਝੀ ਖ਼ਬਰ



(ਅਸ਼ਵਨੀ ਸ਼ਰਮਾਂ)
ਜੰਡਿਆਲਾ ਗੁਰੂ

ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਵਿਖੇ 13 ਨਵੰਬਰ 2026 ਨੂੰ ਸਾਲਾਨਾ ਸਮਾਰੋਹ ਬੜੇ ਉਤਸ਼ਾਹ, ਉਮੰਗ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਸਾਲ ਦੇ ਸਮਾਰੋਹ ਦਾ ਵਿਸ਼ਾ “ਇੱਕ ਰਾਸ਼ਟਰ, ਅਣਗਿਣਤ ਕਹਾਣੀਆਂ – ਭਾਰਤ ਦੀ ਅਮਰ ਗਾਥਾ” ਸੀ। ਇਸ ਸਮਾਗਮ ਰਾਹੀਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ, ਇਤਿਹਾਸਕ ਗੌਰਵ, ਅਧਿਆਤਮਿਕ ਪਰੰਪਰਾਵਾਂ ਅਤੇ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ।

ਸਮਾਗਮ ਦੀ ਸ਼ੁਰੂਆਤ ਬਾਬਾ ਪਰਮਾਨੰਦ ਜੀ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਬਾਬਾ ਹੰਦਾਲ ਜੀ ਦੇ ਆਸ਼ੀਰਵਾਦ ਨਾਲ ਹੋਈ ।ਹੋਈ।ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਵਜੋਂ ਡਾ. ਗੁਰਿੰਦਰਪਾਲ ਸਿੰਘ ਜੋਸਨ, ਚੇਅਰਮੈਨ ਸਾਰਾਗੜ੍ਹੀ ਫਾਊਂਡੇਸ਼ਨ, ਮੇਜਰ ਜਨਰਲ ਜੌਨ ਕੈਂਡਲ (DL VR), ਡਿਪਟੀ ਕਮਾਂਡਰ ਲੈਂਡ ਫੋਰਸਿਜ਼, ਬ੍ਰਿਟਿਸ਼ ਆਰਮੀ, ਲੈਫਟੀਨੈਂਟ ਕਰਨਲ ਐਲਿਸ ਆਰਚਰ (AAC), ਵਾਰੰਟ ਅਫਸਰ ਅਸ਼ੋਕ ਕੁਮਾਰ ਚੌਹਾਨ (MBE), ਕਾਰਪੋਰਲ ਅਨੂ ਪ੍ਰੀਤ ਸਿੰਘ ਅਤੇ ਸ੍ਰੀ ਹਰਬੀਰ ਸਿੰਘ ਥਿੰਦ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਡਾਇਰੈਕਟਰ /ਪ੍ਰਿੰਸੀਪਲ ਡਾ. ਅਮਨਦੀਪ ਕੌਰ ਸੇਟ ਸੋਲਜਰ ਇਲੀਟ ਕੈਮਬਰਿਜ ਸਕੂਲ ਅੰਮ੍ਰਿਤਸਰ, ਸ਼੍ਰੀਮਤੀ ਹਰਜਿੰਦਰ ਪਾਲ ਕੌਰ ਚੇਅਰਮੈਨ ਸੇਟ ਸੋਲਜਰ ਮਜੀਠਾ ,ਚੇਅਰਮੈਨ ਹਰਬੀਰ ਸਿੰਘ ਥਿੰਦ, ਸਵਿੰਦਰ ਸਿੰਘ ਚੰਦੀ, ਸਰਪੰਚ ਸਬੇਗ ਸਿੰਘ, ਮਾਸਟਰ ਮਨਜੀਤ ਸਿੰਘ,ਰਵਿੰਦਰ ਸਿੰਘ, ਦਿਲਬਾਗ ਸਿੰਘ ਛੱਜਲਵੱਡੀ, ਪੰਡਿਤ ਕਿਸ਼ਨ ਦਵੇਸਰ ਮੰਚ ਲੋਕ ਅੰਮ੍ਰਿਤਸਰ,ਕੌਂਸਲਰ ਸਰਬਜੀਤ ਸਿੰਘ ਡਿੰਪੀ, ਕੁਲਵਿੰਦਰ ਸਿੰਘ, ਅਵਤਾਰ ਸਿੰਘ ਕਾਲਾ ਐਮਸੀ,ਅਰਸ਼ਦੀਪ ਸਿੰਘ ਨਗਰ ਕੌਂਸਲ ਜੰਡਿਆਲਾ ਗੁਰੂ, ਪ੍ਰਿੰਸੀਪਲ ਸੰਦੀਪ ਸ਼ਰਮਾ,ਵਾਈਸ ਪ੍ਰਿੰਸੀਪਲ ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨੀਲਾਕਸ਼ੀ ਗੁਪਤਾ ,ਪ੍ਰਿੰਸ ਗੁਲਸ਼ਨ ਜੈਨ, ਜਰਨੈਲ ਸਿੰਘ , ਦੀ ਮੌਜੂਦਗੀ ਨੇ ਸਮਾਗਮ ਨੂੰ ਹੋਰ ਵੀ ਮਾਣਮੱਤਾ ਬਣਾਇਆ।

ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਵੱਖ-ਵੱਖ ਸੱਭਿਆਚਾਰਕ, ਇਤਿਹਾਸਕ ਅਤੇ ਵਿਦਿਅਕ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ। ਸਵਾਗਤੀ ਨਾਚ, ਸ਼ਬਦ ਗਾਇਨ, ਸਮੂਹਿਕ ਨਾਚ, ਰਾਮਾਇਣ 'ਤੇ ਆਧਾਰਿਤ ਨਾਟਕ,ਗਰੁੱਪ ਗੀਤ, ਸਾਰਾਗੜ੍ਹੀ ਦੀ ਇਤਿਹਾਸਕ ਲੜਾਈ 'ਤੇ ਨਾਟਕ, ਗਿੱਧਾ, ਭੰਗੜਾ ਅਤੇ ਗਤਕੇ ਦੀਆਂ ਪੇਸ਼ਕਾਰੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ। ਇਸ ਤੋਂ ਇਲਾਵਾ ਸਕੇਟਿੰਗ, ਜਿਮਨਾਸਟਿਕਸ, ਸਮੂਹਿਕ ਗੀਤ ਅਤੇ ਸ਼ੈਕਸਪੀਅਰ ਦੇ ਨਾਟਕ ਦੀ ਪੇਸ਼ਕਾਰੀ ਨੇ ਵੀ ਦਰਸ਼ਕਾਂ ਦੀ ਖੂਬ ਵਾਹ-ਵਾਹ ਖੱਟੀ।ਇਸ ਦੇ ਨਾਲ ਹੀ ਵਿਦਿਆਰਥੀਆਂ ਵੱਲੋਂ ਆਪਣੇ ਵਿਗਿਆਨਕ, ਤਕਨੀਕੀ ਅਤੇ ਰਚਨਾਤਮਕ ਹੁਨਰਾਂ ਦਾ ਪ੍ਰਦਰਸ਼ਨ ਕਰਦਿਆਂ ਵਿਦਿਅਕ ਪ੍ਰੋਜੈਕਟਾਂ, ਅਟਲ ਟਿੰਕਰਿੰਗ ਲੈਬ (ATL) ਮਾਡਲਾਂ, ਵਿਸ਼ਾ-ਅਧਾਰਿਤ ਪ੍ਰਦਰਸ਼ਨੀਆਂ, ਆਰਟ ਐਂਡ ਕਰਾਫਟ ਅਤੇ 'ਕੌਸ਼ਲ ਬੋਧ' ਨਾਲ ਸਬੰਧਤ ਸ਼ਾਨਦਾਰ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਇਨ੍ਹਾਂ ਪ੍ਰਦਰਸ਼ਨੀਆਂ ਨੇ ਵਿਦਿਆਰਥੀਆਂ ਦੀ ਕਲਪਨਾਸ਼ੀਲਤਾ, ਨਵੀਨਤਮ ਸੋਚ ਅਤੇ ਵਿਹਾਰਕ ਗਿਆਨ ਦਾ ਪ੍ਰਭਾਵਸ਼ਾਲੀ ਪ੍ਰਗਟਾਵਾ ਕੀਤਾ।ਸਮਾਗਮ ਦੌਰਾਨ ਅਕਾਦਮਿਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਨਾਮਾਂ ਅਤੇ ਸਨਮਾਨਾਂ ਨਾਲ ਨਿਵਾਜਿਆ ਗਿਆ। ਇਸ ਮੌਕੇ ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ, ਸਮਰਪਣ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕੀਤੀ ਗਈ। ਬ੍ਰਿਟਿਸ਼ ਆਰਮੀ ਦੇ ਸਨਮਾਨਿਤ ਅਫ਼ਸਰਾਂ ਨੇ ਹਰ ਪ੍ਰੋਗਰਾਮ ਦੇ ਹਰ ਈਵੈਂਟ ਨੂੰ ਬੜੇ ਆਨੰਦ ਨਾਲ ਦੇਖਿਆ ਅਤੇ ਬਚਿਆ ਨੂੰ ਬੜਾ ਪਿਆਰ ਦਿੱ

ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਖੇਡਾਂ ਨਾਲ ਜੋੜਨਾ ਸਮੇਂ ਦੀ ਮੁੱਖ ਲੋੜ : ਡਾ. ਐਮ ਜ਼ਮੀਲ ਬਾਲੀ

ਸਾਂਝੀ ਖ਼ਬਰ

ਖੇਡਾਂ ਸਰੀਰਕ ਤੰਦਰਸਤੀ ਦੇ ਨਾਲ ਅਨੁਸ਼ਾਸਨ, ਆਤਮ-ਵਿਸ਼ਵਾਸ ਅਤੇ ਚੰਗੇ ਕਿਰਦਾਰ ਦੀ ਕਰਦੀਆਂ ਹਨ ਉਸਾਰੀ



(ਤਰਸੇਮ ਦੀਵਾਨਾ)

ਹੁਸ਼ਿਆਰਪੁਰ, 15 ਨਵੰਬਰ

ਬਾਲੀ ਹਸਪਤਾਲ ਦੇ ਐਮ.ਡੀ. ਅਤੇ ਉੱਘੇ ਸਮਾਜ ਸੇਵਕ ਡਾ. ਐਮ ਜ਼ਮੀਲ ਬਾਲੀ ਨੇ ਕਿਹਾ ਕਿ ਨੌਜਵਾਨ ਕਿਸੇ ਵੀ ਦੇਸ਼ ਦੀ ਅਸਲ ਤਾਕਤ ਹੁੰਦੇ ਹਨ ਅਤੇ ਦੇਸ਼ ਦਾ ਭਵਿੱਖ ਉਨ੍ਹਾਂ ਦੀ ਸੋਚ, ਸਿਹਤ ਅਤੇ ਕਿਰਦਾਰ 'ਤੇ ਨਿਰਭਰ ਕਰਦਾ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਅਤੇ ਹੋਰ ਸਮਾਜਿਕ ਬੁਰਾਈਆਂ ਤੋਂ ਬਚਾਉਣ ਲਈ ਉਨ੍ਹਾਂ ਨੂੰ ਖੇਡਾਂ ਨਾਲ ਜੋੜਨਾ ਬੇਹੱਦ ਜ਼ਰੂਰੀ ਹੈ। ਡਾ. ਐਮ ਜ਼ਮੀਲ ਬਾਲੀ ਨੇ ਕਿਹਾ ਕਿ ਖੇਡਾਂ ਸਿਰਫ਼ ਸਰੀਰਕ ਤੰਦਰੁਸਤੀ ਹੀ ਨਹੀਂ ਦਿੰਦੀਆਂ, ਸਗੋਂ ਨੌਜਵਾਨਾਂ ਵਿੱਚ ਅਨੁਸ਼ਾਸਨ, ਮਿਹਨਤ, ਸਹਿਣਸ਼ੀਲਤਾ, ਟੀਮ ਭਾਵਨਾ ਅਤੇ ਹਾਰ ਤੋਂ ਬਾਅਦ ਮੁੜ ਅੱਗੇ ਵਧਣ ਦਾ ਜਜ਼ਬਾ ਵੀ ਪੈਦਾ ਕਰਦੀਆਂ ਹਨ। ਖੇਡ ਮੈਦਾਨ ਨੌਜਵਾਨਾਂ ਦੀ ਊਰਜਾ ਨੂੰ ਸਹੀ ਦਿਸ਼ਾ ਦੇਣ ਅਤੇ ਉਨ੍ਹਾਂ ਨੂੰ ਗਲਤ ਸੰਗਤ ਤੇ ਨਸ਼ਿਆਂ ਤੋਂ ਦੂਰ ਰੱਖਣ ਦਾ ਪ੍ਰਭਾਵਸ਼ਾਲੀ ਸਾਧਨ ਹਨ। ਉਨ੍ਹਾਂ ਕਿਹਾ ਕਿ ਮਾਪਿਆਂ, ਅਧਿਆਪਕਾਂ, ਸਮਾਜਿਕ ਸੰਸਥਾਵਾਂ ਅਤੇ ਪ੍ਰਸ਼ਾਸਨ ਨੂੰ ਸਾਂਝੇ ਤੌਰ 'ਤੇ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਿੰਡਾਂ ਅਤੇ ਸ਼ਹਿਰਾਂ ਵਿੱਚ ਖੇਡ ਮੈਦਾਨਾਂ ਦੀ ਸੰਭਾਲ, ਖੇਡ ਸਹੂਲਤਾਂ, ਚੰਗੀ ਕੋਚਿੰਗ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ।

ਅੰਤ ਵਿੱਚ ਡਾ. ਐਮ ਜ਼ਮੀਲ ਬਾਲੀ ਨੇ ਕਿਹਾ ਕਿ ਨੌਜਵਾਨਾਂ ਦੇ ਹੱਥਾਂ ਵਿੱਚ ਨਸ਼ਿਆਂ ਦੀ ਬਜਾਏ ਖੇਡਾਂ ਦਾ ਸਾਮਾਨ ਹੋਣਾ ਚਾਹੀਦਾ ਹੈ। ਤੰਦਰੁਸਤ, ਅਨੁਸ਼ਾਸਿਤ ਅਤੇ ਮਿਹਨਤੀ ਨੌਜਵਾਨ ਹੀ ਮਜ਼ਬੂਤ ਅਤੇ ਖੁਸ਼ਹਾਲ ਸਮਾਜ ਤੇ ਦੇਸ਼ ਦੀ ਸਿਰਜਣਾ ਕਰ ਸਕਦੇ ਹਨ।

ਕਰਨਜੋਤ ਸਿੰਘ ਨੇ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ-2026 'ਚ ਪ੍ਰਾਪਤ ਕੀਤਾ ਪਹਿਲਾ ਸਥਾਨ

ਸਾਂਝੀ ਖ਼ਬਰ

ਵਿਦਿਆਰਥੀ ਕਰਨਜੋਤ ਸਿੰਘ ਦੁਆਰਾ ਪਹਿਲਾ ਸਥਾਨਕ ਪ੍ਰਾਪਤ ਕਰਨਾ ਸਕੂਲ ਲਈ ਬੜੇ ਮਾਣ ਵਾਲੀ ਗੱਲ ਹੈ : ਸਮ੍ਰਿਤੂ ਰਾਣਾ



(ਤਰਸੇਮ ਦੀਵਾਨਾ)


ਹੁਸ਼ਿਆਰਪੁਰ, 15 ਨਵੰਬਰ

ਸਰਕਾਰੀ ਹਾਈ ਸਕੂਲ ਗੋਬਿੰਦਪੁਰ ਖੁਣ-ਖੁਣ ਦੇ ਨੌਵੀਂ ਜਮਾਤ ਦੇ ਵਿਦਿਆਰਥੀ ਕਰਨਜੋਤ ਸਿੰਘ ਨੇ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ-2026 ਵਿੱਚ ਪਹਿਲਾ ਸਥਾਨ ਹਾਸਲ ਕਰਕੇ ਆਪਣੇ ਸਕੂਲ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਮੁੱਖ ਅਧਿਆਪਕਾ ਸਮ੍ਰਿਤੂ ਰਾਣਾ ਨੇ ਦੱਸਿਆ ਕਿ ਸਰਕਾਰੀ ਸੀਨੀਅਰ ਸੀਨੀਅਰ ਸੈਕੰਡਰੀ ਸਕੂਲ ਚੱਬੇਵਾਲ ਵਿਖੇ ਲਗਾਈ ਗਈ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ 'ਚ ਜ਼ਿਲ੍ਹੇ ਭਰ ਦੇ ਵੱਖ-ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਆਪਣੇ ਵਿਗਿਆਨਕ ਮਾਡਲ ਪੇਸ਼ ਕੀਤੇ। "ਗ੍ਰੀਨ ਐਨਰਜੀ ਅਤੇ ਵਾਤਾਵਰਣ ਸੰਭਾਲ" (Green Energy and Environmental Conservation) ਵਿਸ਼ੇ ਹੇਠ ਮੁਕਾਬਲਾ ਕਰਦਿਆਂ ਕਰਨਜੋਤ ਵੱਲੋਂ ਤਿਆਰ ਕੀਤੇ ਗਏ ਪ੍ਰੋਜੈਕਟ ਨੇ ਜੱਜਾਂ ਨੂੰ ਬੇਹੱਦ ਪ੍ਰਭਾਵਿਤ ਕੀਤਾ, ਜਿਸ ਵਿੱਚ ਟਿਕਾਊ ਊਰਜਾ ਅਤੇ ਵਾਤਾਵਰਣ ਦੀ ਸੰਭਾਲ ਲਈ ਵਿਹਾਰਕ ਹੱਲ ਪੇਸ਼ ਕੀਤੇ ਗਏ ਸਨ। ਇਸ ਸ਼ਾਨਦਾਰ ਪ੍ਰਾਪਤੀ 'ਤੇ ਸਕੂਲ ਦੀ ਮੁੱਖ ਅਧਿਆਪਕਾ ਸਮ੍ਰਿਤੂ ਰਾਣਾ ਅਤੇ ਗਾਈਡ ਅਧਿਆਪਕ ਪਵਨਦੀਪ ਚੌਧਰੀ ਨੇ ਕਰਨਜੋਤ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਅਤੇ ਉਸ ਦਾ ਮੂੰਹ ਮਿੱਠਾ ਕਰਵਾਇਆ। ਮੁੱਖ ਅਧਿਆਪਕਾ ਸਮ੍ਰਿਤੂ ਰਾਣਾ ਨੇ ਵਿਦਿਆਰਥੀ ਦੀ ਸਖ਼ਤ ਮਿਹਨਤ ਅਤੇ ਗਾਈਡ ਅਧਿਆਪਕ ਪਵਨਦੀਪ ਚੌਧਰੀ ਦੀ ਯੋਗ ਅਗਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਸਾਇੰਸ ਪ੍ਰਦਰਸ਼ਨੀ ਵਿੱਚ ਵਿਦਿਆਰਥੀ ਕਰਨਜੋਤ ਸਿੰਘ ਦੁਆਰਾ ਪਹਿਲਾ ਸਥਾਨਕ ਪ੍ਰਾਪਤ ਕਰਨਾ ਸਕੂਲ ਲਈ ਬੜੇ ਮਾਣ ਵਾਲੀ ਗੱਲ ਹੈ। ਸਮੂਹ ਸਟਾਫ਼ ਅਤੇ ਇਲਾਕਾ ਨਿਵਾਸੀਆਂ ਨੇ ਵੀ ਬੱਚੇ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਜਿੱਤ ਨਾਲ ਕਰਨਜੋਤ ਸਿੰਘ ਹੁਣ ਆਉਣ ਵਾਲੀ ਰਾਜ ਪੱਧਰੀ ਵਿਗਿਆਨ ਪ੍ਰਦਰਸ਼ਨੀ ਵਿੱਚ ਹੁਸ਼ਿਆਰਪੁਰ ਜ਼ਿਲ੍ਹੇ ਦੀ ਨੁਮਾਇੰਦਗੀ ਕਰੇਗਾ।

ਧੀਆਂ ਨੂੰ ਬੋਝ ਨਹੀਂ, ਸਗੋਂ ਪਰਿਵਾਰ ਅਤੇ ਸਮਾਜ ਦਾ ਮਾਣ ਸਮਝਿਆ ਜਾਵੇ : ਡਾ. ਸੋਨੀਆ

ਸਾਂਝੀ ਖ਼ਬਰ

ਧੀਆਂ ਨੂੰ ਬਰਾਬਰ ਦੇ ਅਧਿਕਾਰ, ਸਿੱਖਿਆ ਅਤੇ ਸਨਮਾਨ ਦੇਣਾ ਹਰ ਪਰਿਵਾਰ ਦੀ ਜ਼ਿੰਮੇਵਾਰੀ, ਲਿੰਗ ਭੇਦਭਾਵ ਸਮਾਜ ਦੀ ਤਰੱਕੀ ਵਿੱਚ ਵੱਡੀ ਰੁਕਾਵਟ



(ਤਰਸੇਮ ਦੀਵਾਨਾ)

ਹੁਸ਼ਿਆਰਪੁਰ, 15 ਨਵੰਬਰ

ਉੱਘੀ ਸਮਾਜ ਸੇਵਿਕਾ ਅਤੇ ਕਾਂਗਰਸ ਯੂਰਪ ਦੀ ਪ੍ਰਧਾਨ ਡਾ. ਸੋਨੀਆ ਨੇ ਕਿਹਾ ਕਿ ਕਿਸੇ ਵੀ ਸਮਾਜ ਦੀ ਅਸਲ ਤਰੱਕੀ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਉਸ ਸਮਾਜ ਵਿੱਚ ਧੀਆਂ ਨੂੰ ਕਿੰਨਾ ਮਾਣ-ਸਨਮਾਨ ਅਤੇ ਬਰਾਬਰ ਦੇ ਅਧਿਕਾਰ ਦਿੱਤੇ ਜਾਂਦੇ ਹਨ। ਉਨ੍ਹਾਂ ਕਿਹਾ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਵੀ ਧੀਆਂ ਪ੍ਰਤੀ ਭੇਦਭਾਵ ਵਾਲੀ ਸੋਚ ਦਾ ਮੌਜੂਦ ਰਹਿਣਾ ਬੇਹੱਦ ਚਿੰਤਾਜਨਕ ਹੈ। ਸਮਾਜ ਨੂੰ ਆਪਣੀ ਇਸ ਸੋਚ ਵਿੱਚ ਬਦਲਾਅ ਲਿਆਉਣ ਦੀ ਲੋੜ ਹੈ ਤਾਂ ਜੋ ਧੀਆਂ ਵੀ ਬਿਨਾਂ ਕਿਸੇ ਵਿਤਕਰੇ ਦੇ ਆਪਣੇ ਸੁਪਨਿਆਂ ਨੂੰ ਸਾਕਾਰ ਕਰ ਸਕਣ।

ਡਾ. ਸੋਨੀਆ ਨੇ ਕਿਹਾ ਕਿ ਧੀਆਂ ਕਿਸੇ ਪਰਿਵਾਰ ਦੀ ਜ਼ਿੰਮੇਵਾਰੀ ਦਾ ਬੋਝ ਨਹੀਂ, ਸਗੋਂ ਉਸ ਦੀ ਖੁਸ਼ਹਾਲੀ, ਇੱਜ਼ਤ ਅਤੇ ਮਾਣ ਦਾ ਪ੍ਰਤੀਕ ਹੁੰਦੀਆਂ ਹਨ। ਅੱਜ ਧੀਆਂ ਨੇ ਸਿੱਖਿਆ, ਖੇਡਾਂ, ਵਿਗਿਆਨ, ਰਾਜਨੀਤੀ, ਪ੍ਰਸ਼ਾਸਨ, ਫੌਜ ਅਤੇ ਵਪਾਰ ਸਮੇਤ ਹਰ ਖੇਤਰ ਵਿੱਚ ਆਪਣੀ ਯੋਗਤਾ ਦਾ ਲੋਹਾ ਮਨਵਾਇਆ ਹੈ। ਉਨ੍ਹਾਂ ਕਿਹਾ ਕਿ ਜਦੋਂ ਧੀਆਂ ਹਰ ਖੇਤਰ ਵਿੱਚ ਪੁੱਤਰਾਂ ਦੇ ਬਰਾਬਰ ਸਫਲਤਾ ਹਾਸਲ ਕਰ ਰਹੀਆਂ ਹਨ ਤਾਂ ਉਨ੍ਹਾਂ ਨਾਲ ਕਿਸੇ ਵੀ ਤਰ੍ਹਾਂ ਦਾ ਵਿਤਕਰਾ ਕਰਨਾ ਸਮਾਜ ਦੀ ਪੁਰਾਣੀ ਅਤੇ ਗਲਤ ਮਾਨਸਿਕਤਾ ਨੂੰ ਦਰਸਾਉਂਦਾ ਹੈ।

ਉਨ੍ਹਾਂ ਕਿਹਾ ਕਿ ਧੀ ਦੇ ਜਨਮ ਨੂੰ ਵੀ ਪੁੱਤਰ ਦੇ ਜਨਮ ਵਾਂਗ ਖੁਸ਼ੀ ਅਤੇ ਉਤਸ਼ਾਹ ਨਾਲ ਮਨਾਇਆ ਜਾਣਾ ਚਾਹੀਦਾ ਹੈ। ਮਾਪਿਆਂ ਦਾ ਫਰਜ਼ ਹੈ ਕਿ ਉਹ ਆਪਣੀਆਂ ਧੀਆਂ ਨੂੰ ਉੱਚ ਪੱਧਰੀ ਸਿੱਖਿਆ, ਸੁਰੱਖਿਅਤ ਵਾਤਾਵਰਣ ਅਤੇ ਆਤਮ-ਨਿਰਭਰ ਬਣਨ ਦੇ ਪੂਰੇ ਮੌਕੇ ਪ੍ਰਦਾਨ ਕਰਨ। ਇਸ ਦੇ ਨਾਲ ਹੀ ਪਰਿਵਾਰ ਵਿੱਚ ਧੀਆਂ ਨੂੰ ਫੈਸਲੇ ਲੈਣ ਅਤੇ ਆਪਣੇ ਵਿਚਾਰ ਪ੍ਰਗਟ ਕਰਨ ਦੀ ਆਜ਼ਾਦੀ ਵੀ ਮਿਲਣੀ ਚਾਹੀਦੀ ਹੈ।ਡਾ. ਸੋਨੀਆ ਨੇ ਸਮਾਜ ਦੇ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਧੀਆਂ ਦੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਇਕਜੁੱਟ ਹੋ ਕੇ ਯਤਨ ਕੀਤੇ ਜਾਣ। ਉਨ੍ਹਾਂ ਕਿਹਾ ਕਿ ਭਰੂਣ ਹੱਤਿਆ ਵਰਗੀਆਂ ਘਿਨਾਉਣੀਆਂ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਸਿਰਫ਼ ਸਰਕਾਰੀ ਯਤਨ ਹੀ ਕਾਫ਼ੀ ਨਹੀਂ, ਸਗੋਂ ਹਰ ਨਾਗਰਿਕ ਨੂੰ ਆਪਣੀ ਸਮਾਜਿਕ ਜ਼ਿੰਮੇਵਾਰੀ ਸਮਝਦਿਆਂ ਇਸ ਵਿਰੁੱਧ ਆਵਾਜ਼ ਬੁਲੰਦ ਕਰਨੀ ਪਵੇਗੀ।

ਅੰਤ ਵਿੱਚ ਉਨ੍ਹਾਂ ਕਿਹਾ ਕਿ ਧੀਆਂ ਨੂੰ ਜਨਮ ਲੈਣ ਤੋਂ ਲੈ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਤੱਕ ਹਰ ਪੜਾਅ 'ਤੇ ਪਰਿਵਾਰ ਅਤੇ ਸਮਾਜ ਦਾ ਸਹਿਯੋਗ ਮਿਲਣਾ ਚਾਹੀਦਾ ਹੈ। ਧੀਆਂ ਨੂੰ ਬਚਾਉਣਾ, ਪੜ੍ਹਾਉਣਾ ਅਤੇ ਅੱਗੇ ਵਧਾਉਣਾ ਹੀ ਇੱਕ ਸਿਹਤਮੰਦ, ਬਰਾਬਰੀ ਵਾਲੇ ਅਤੇ ਖੁਸ਼ਹਾਲ ਸਮਾਜ ਦੀ ਨੀਂਹ ਹੈ।

557 ਵੇਂ ਪ੍ਰਕਾਸ਼ ਪੁਰਬ ਸਬੰਧੀ ਧਾਰਮਿਕ ਸਮਾਗਮ ਕਰਵਾਇਆ

ਸਾਂਝੀ ਖ਼ਬਰ

ਵੱਖ ਵੱਖ ਸਖਸੀਅਤਾਂ ਦਾ ਸਨਮਾਨ ਕੀਤਾ



ਵੀਰਪਾਲ ਭਗਤਾ,

ਭਗਤਾ ਭਾਈਕਾ-

ਗੁਰਦੁਆਰਾ ਬਾਬਾ ਵਿਸ਼ਵਕਰਮਾ ਸਾਹਿਬ ਜੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ 557 ਵੇਂ ਪ੍ਰਕਾਸ਼ ਪੁਰਬ ਸਬੰਧੀ ਆਰੰਭ ਕੀਤੀ ਗਈ ਪ੍ਰਭਾਤ ਫੇਰੀ ਭਾਈਕੇ ਐਗਰੀਕਲਚਰ ਵਰਕਸ ਭਗਤਾ ਭਾਈ ਵਿਖੇ ਧਾਰਮਿਕ ਸਮਾਗਮ ਕਰਵਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗਵਾਈ ਵਿਚ ਪਹੁੰਚੀ ਪ੍ਰਭਾਤ ਫੇਰੀ ਸਮੇਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਸਮੂਲੀਅਤ ਕੀਤੀ ਅਤੇ ਪਰਿਵਾਰ ਵੱਲੋਂ ਪ੍ਰਭਾਤ ਫੇਰੀ ਦਾ ਭਰਵਾ ਸਵਾਗਤ ਕੀਤਾ ਗਿਆ। ਗੁਰਦੁਆਰਾ ਬਾਬਾ ਵਿਸ਼ਵਕਰਮਾ ਸਾਹਿਬ ਭਗਤਾ ਭਾਈ ਕਮੇਟੀ ਦੇ ਆਗੂ ਦਵਿੰਦਰ ਸਿੰਘ ਮਠਾੜੂ ਅਤੇ ਰਛਪਾਲ ਸਿੰਘ ਨਿੱਕਾ ਧੀਮਾਨ ਨੇ ਦੱਸਿਆ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸੁਰੂ ਕੀਤੀਆਂ ਗਈਆਂ ਪ੍ਰਭਾਤ ਫੇਰੀਆਂ ਨੂੰ ਲੈ ਕੇ ਸੰਗਤਾਂ ਵਿਚ ਵੱਡਾ ਉਤਸਾਹ ਹੈ। ਪ੍ਰਭਾਤ ਫੇਰੀ ਸਬੰਧੀ ਸਮਾਗਮ ਦੌਰਾਨ ਗਿਆਨੀ ਸਿਕੰਦਰ ਸਿੰਘ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲੱਗਣ ਲਈ ਪ੍ਰੇਰਿਤ ਕੀਤਾ ਅਤੇ ਉੱਘੇ ਢਾਡੀ ਬਲਵਿੰਦਰ ਸਿੰਘ ਭਗਤਾ ਨੇ ਸ੍ਰੀ ਗੁਰੂ ਗੁਰੂ ਨਾਨਕ ਦੇਵ ਜੀ ਜੀਵਨ ਸਬੰਧੀ ਚਾਨਣਾ ਪਾਉਦੇ ਬਾਬਾ ਭਾਈ ਰੂਪ ਚੰਦ ਜੀ ਜੀਵਨ ਸਬੰਧੀ ਕਵਿਤਾ ਪੇਸ਼ ਕਰਤੇ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਦੀ ਸਮਾਪਤੀ ਉਪਰੰਤ ਪ੍ਰਬੰਧਕਾਂ ਨੇ ਦਰਸ਼ਨ ਸਿੰਘ ਭਾਈਕੇ ਦਾ ਵਿਸ਼ੇਸ਼ ਤੌਰ ਕੇ ਸਨਮਾਨ ਕੀਤਾ ਗਿਆ। ਇਸ ਸਮੇਂ ਪ੍ਰਬੰਧਕਾਂ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਤੋਂ ਸੁਰੂ ਹੋਣ ਵਾਲੀਆਂ ਇਨ੍ਹਾਂ ਪ੍ਰਭਾਤ ਫੇਰੀਆਂ ਦਾ ਉਦੇਸ਼ ਸੰਗਤਾਂ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨਾਲ ਜੋੜਨਾ ਅਤੇ ਗੁਰਬਾਣੀ, ਸਿਮਰਨ ਤੇ ਸੇਵਾ ਦੀ ਭਾਵਨਾ ਨੂੰ ਪ੍ਰਫੁੱਲਤ ਕਰਨਾ ਹੈ। ਇਸ ਮੌਕੇ ਵੱਖ ਵੱਖ ਸਖਸੀਅਤਾਂ ਦਾ ਸਨਮਾਨ ਕੀਤਾ ਗਿਆ। ਇਸ ਸਮੇਂ ਦਰਸਨ ਸਿੰਘ ਭਾਈਕੇ ਅਤੇ ਬਿੰਦਰ ਸਿੰਘ ਭਾਈਕੇ ਨੇ ਪਹੁੰਚੀਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਸਮੇਂ ਭਾਈਕੇ ਪਰਿਵਾਰ ਵੱਲੋਂ ਨਵਜਨਮੀਂ ਬੇਟੀ ਕਿਰਤ ਕੌਰ ਪੁੱਤਰੀ ਪਰਦੀਪ ਸਿੰਘ ਭਾਈਕੇ ਦੇ ਜਨਮ ਦੀ ਖੁਸ਼ੀ ਵਿਚ ਬਾਬਾ ਵਿਸਵਕਰਮਾਂ ਗੁਰਦੁਆਰਾ ਸਾਹਿਬ ਭਗਤਾ ਲਈ 18 ਗੱਦੇ, 10 ਚਾਦਰਾਂ ਅਤੇ 1 ਗਲੀਚਾ ਦਾਨ ਵਜੋਂ ਭੇਂਟ ਕੀਤਾ। ਇਸੇ ਦੌਰਾਨ ਭਾਈਕੇ ਪਰਿਵਾਰ ਨੇ ਵੱਖ ਵੱਖ ਸਖਸੀਅਤਾਂ ਦਾ ਸਨਮਾਨ ਕੀਤਾ ਗਿਆ।ਇਸ ਸਮੇਂ ਜੱਥੇਦਾਰ ਫੁੰਮਣ ਸਿੰਘ ਭਗਤਾ ਮੈਂਬਰ ਸ਼੍ਰੋਮਣੀ ਕਮੇਟੀ ਭਗਤਾ, ਜਗਸੀਰ ਸਿੰਘ ਪੰਨੂੰ ਪ੍ਰਧਾਨ ਨਗਰ ਪੰਚਾਇਤ ਭਗਤਾ, ਗਗਨਦੀਪ ਸਿੰਘ ਗਰੇਵਾਲ ਸਾਬਕਾ ਚੇਅਰਮੈਨ, ਬੂਟਾ ਸਿੰਘ ਸਿੱਧੂ ਸਾਬਕਾ ਪ੍ਰਧਾਨ, ਗੁਰਤੇਜ ਸਿੰਘ ਚਾਨੀ, ਸੁਖਜਿੰਦਰ ਸਿੰਘ ਖਾਨਦਾਨ, ਗੁਰਮੇਲ ਸਿੰਘ ਅਮਨ ਵਾਲੇ, ਬਲਵੀਰ ਸਿੰਘ ਡੀਲਕਸ ਵਾਲੇ, ਬਲਵਿੰਦਰ ਸਿੰਘ ਧੀਮਾਨ, ਪਰਮਜੀਤ ਸਿੰਘ ਮਾੜੀ, ਆਤਮਾ ਸਿੰਘ ਮਹਿਲ, ਗੁਰਵਿੰਦਰ ਸਿੰਘ ਰਾਮਦਾਸ ਵਾਲੇ, ਸੁਖਮੰਦਰ ਸਿੰਘ ਮੰਦਰੀ, ਮਨਵੀਰ ਸਿੰਘ, ਸਿਕੰਦਰ ਸਿੰਘ ਮਹਿਲ, ਮੇਜਰ ਸਿੰਘ ਮਹਿਲ, ਬਲਵਿੰਦਰ ਸਿੰਘ ਬਿੰਦੂ, ਨਿਰਮਲ ਸਿੰਘ ਧੰਮੂ, ਸੇਵਕ ਸਿੰਘ ਪੱਥਰ ਵਾਲੇ, ਸੁਰਿੰਦਰ ਭੁੱਟੋ, ਅਵਤਾਰ ਸਿੰਘ, ਗੁਰਨੂਰ ਸਿੰਘ, ਚਰਨਜੀਤ ਸਿੰਘ ਵਿਰਦੀ, ਅਮਨ ਸਿੰਘ ਆਦਿ ਹਾਜਰ ਸਨ।

ਸਤਲੁਜ ਸਕੂਲ ਨੇ ਆਪਣਾ 30ਵਾਂ ਖੇਡ ਦਿਵਸ ਬਹੁਤ ਹੀ ਧੂਮਧਾਮ ਨਾਲ ਮਨਾਇਆ

ਸਾਂਝੀ ਖ਼ਬਰ

ਖੇਡਾਂ ਵਿਦਿਆਰਥੀਆਂ ਦੇ ਜੀਵਨ ਦਾ ਅਣਿਖੜਵਾਂ ਅੰਗ ਹਨ= ਗੁਲਸ਼ਨ ਕਵਾਤਰਾ



ਸਤਨਾਮ ਸਿੰਘ

ਸ਼ਾਹਬਾਦ ਮਾਰਕੰਡਾ

15 ਨਵੰਬਰ : ਸਤਲੁਜ ਸੀਨੀਅਰ ਸੰਕੈਡਰੀ ਸਕੂਲ ਦਾ 30ਵਾਂ ਸਾਲਾਨਾ ਖੇਡ ਦਿਵਸ ਸਮਾਰੋਹ ਬਹੁਤ ਹੀ ਉਤਸ਼ਾਹ ਤੇ ਜੋਸ਼ ਨਾਲ ਮਨਾਇਆ ਗਿਆ। ਜਿਸ ਵਿਚ ਬਤੌਰ ਮੁੱਖ ਮਹਿਮਾਨ ਨਗਰ ਪਾਲਿਕਾ ਦੇ ਚੇਅਰਮੈਨ ਗੁਲਸ਼ਨ ਕਵਾਤਰਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦਾ ਸ਼ੁਭ ਅਰੰਭ ਆਏ ਮਹਿਮਾਨਾਂ ਵਲੋਂ ਦੀਪ ਪ੍ਰਜਵਿਲਤ ਕਰ ਕੇ ਕੀਤਾ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਪ੍ਰਭਾਵਸ਼ਾਲੀ ਮਾਰਚ ਪਾਸਟ ਰਾਹੀਂ ਅਨੁਸ਼ਾਸ਼ਨ, ਏਕਤਾ ਤੇ ਖੇਡ ਭਾਵਨਾ ਦਾ ਪ੍ਰਦਰਸ਼ਨ ਕਰਦਿਆਂ ਮੁੱਖ ਮਹਿਮਾਨ ਨੂੰ ਸਲਾਮੀ ਦਿੱਤੀ। ਇਸ ਤੋਂ ਬਾਅਦ ਵਿਦਿਆਰਥੀਆਂ ਨੂੰ ਖੇਡ ਭਾਵਨਾ, ਅਨੁਸ਼ਾਸ਼ਨ ਤੇ ਨਿਰਪੱਖ ਮੁਕਾਬਲੇ ਨੂੰ ਬਣਾਈ ਰਖੱਣ ਦੀ ਸਹੁੰ ਚੁਕਾਈ ਗਈ। ਵੱਖ ਵੱਖ ਖੇਡ ਮੁਕਾਬਲਿਆਂ ਦੌਰਾਨ ਵਿਦਿਆਰਥੀਆਂ ਨੇ ਬਹੁਤ ਹੀ ਜੋਸ਼ ਤੇ ਉਤਸ਼ਾਹ ਨਾਲ ਹਿੱਸਾ ਲਿਆ। ਖੇਡ ਗਤੀਵਿਧੀਆਂ ਦੇ ਨਾਲ ਨਾਲ ਵਿਦਿਆਰਥੀਆਂ ਨੇ ਆਪਣੇ ਰੰਗੀਨ ਸਭਿਆਚਾਰਕ ਪ੍ਰਦਰਸ਼ਨਾਂ ਨਾਲ ਸਾਰਿਆਂ ਨੂੰ ਮੋਹਿਤ ਕੀਤਾ। ਮੁੱਖ ਮਹਿਮਾਨ ਗੁਲਸ਼ਨ ਕਵਾਤਰਾ ਨੇ ਆਪਣੇ ਸੰਬੋਧਨ ਵਿਚ ਸਕੂਲ ਪ੍ਰਬੰਧਨ ਤੇ ਸਮੁੱਚੇ ਸਟਾਫ ਨੂੰ ਇਸ ਸ਼ਾਨਦਾਰ ਸਮਾਗਮ ਲਈ ਸ਼ੁਭ ਕਾਮਨਾਵਾਂ ਦਿੱਤੀਆਂ। ਉਨਾਂ ਕਿਹਾ ਕਿ ਖੇਡਾਂ ਵਿਦਿਆਰਥ

ਨਸ਼ੀਲਾ ਪਦਾਰਥ ਰਖੱਣ ਦਾ ਆਰੋਪੀ ਕਾਬੂ, ਆਰੋਪੀ ਕੋਲੋਂ ਤਿੰਨ ਲੱਖ ਰੁਪਏ ਦੀ ਕੀਮਤ ਦਾ 14.70 ਗਰਾਮ ਚਿੱਟਾ ਬਰਾਮਦ

ਸਾਂਝੀ ਖ਼ਬਰ

ਸਤਨਾਮ ਸਿੰਘ
ਸ਼ਾਹਬਾਦ ਮਾਰਕੰਡਾ

15 ਨਵੰਬਰ : ਜਿਲਾ ਪੁਲਿਸ ਨੇ ਨਸ਼ੀਲਾ ਪਦਾਰਥ ਰਖੱਣ ਦੇ ਦੋਸ਼ ਵਿਚ ਇਕ ਦੋਸ਼ੀ ਰਾਜੇਸ਼ ਕੁਮਾਰ ਨਿਵਾਸੀ ਤਿਉੜਾ ਨੂੰ ਗ੍ਰਿਫਤਾਰ ਕੀਤਾ ਹੈ ਤੇ ਉਸ ਦੇ ਕਬਜੇ ਚ ਲੱਗਭਗ ਤਿੰਨ ਲੱਖ ਰੁਪਏ ਦੀ ਕੀਮਤ ਦੀ 14.70 ਗਰਾਮ ਸਮੈਕ ਬਰਾਮਦ ਕੀਤੀ ਹੈ। ਪੁਲਿਸ ਦੇ ਬੁਲਾਰੇ ਨੇ ਜਾਣਕਾਰੀ ਦਿੰਦੇ ਹੋਏ ਦਿੱਸਆ ਕਿ ਸ਼ਾਹਬਾਦ ਪੁਲਿਸ ਸਟੇਸ਼ਨ ਦੇ ਸਬ ਇੰਸਪੈਕਟਰ ਨਰੇਸ਼ ਕੁਮਾਰ ਦੀ ਟੀਮ ਤਿਉੜਾ



ਪਿੰਡ ਦੇ ਬੱਸ ਸਟੈਂਡ ਤੇ ਗਸ਼ਤ ਕਰ ਰਹੀ ਸੀ ਕਿ ਉਨਾਂ ਨੂੰ ਗੁਪਤ ਸੂਚਨਾ ਮਿਲੀ ਕਿ ਪਿੰਡ ਤਿਉੜਾ ਦੇ ਰਹਿਣ ਵਾਲੇ ਮਿਲਕੀ ਰਾਮ ਦਾ ਪੁੱਤਰ ਰਾਜੇਸ਼ ਸਮੈਕ ਵੇਚਣ ਦਾ ਧੰਦਾ ਕਰਦਾ ਹੈ ਤੇ ਅੱਜ ਉਹ ਕਿਸੇ ਸਮੇ ਵੀ ਪਿੰਡ ਤੋਂਐਨ ਐਚ 44ਬੱਸ ਸਟੈਂਡ ਵਲ ਪੈਦਲ ਜਾਏਗਾ ਤਾਂ ਜੋ ਨਸ਼ੌੜੀਆਂ ਨੂੰ ਸਮੈਕ ਵੇਚੀ ਜਾ ਸਕੇ। ਪੁਲਿਸ ਨੇ ਕਾਰਵਾਈ ਕਰਦੇ ਹੋਏ ਪਿੰਡ ਤਿਉੜਾ ਤੇ ਐਨ ਐਚ 44 ਵਿਚਕਾਰ ਨਾਕਾਬੰਦੀ ਕਰ ਨਿਗਰਾਨੀ ਸ਼ੁਰੂ ਕਰ ਦਿੱਤੀ। ਥੋੜੀ ਦੇਰ ਬਾਅਦ ਪੁਲਿਸ ਟੀਮ ਨੇ ਇਕ ਨੌਜੁਆਨ ਨੂੰ ਪੈਦਲ ਆਉਂਦਾ ਦੇਖਿਆ ਤੇ ਉਸ ਨੂੰ ਕਾਬੂ ਕਰਕੇ ਉਸ ਦਾ ਨਾਂ ਪੁੱਛਿਆ ਤਾਂ ਉਸ ਨੇ ਆਪਣਾ ਨਾਂ ਰਾਜੇਸ਼ ਕੁਮਾਰ ਦਿੱਸਆ। ਉਸ ਦੀ ਤਲਾਸ਼ੀ ਲੈਣ ਤੇ ਉਸ ਕੋਲੋਂ 14.70 ਗਰਾਮ ਸਮੈਕ ਬਰਾਮਦ ਹੋਈ । ਦੋਸ਼ੀ ਖਿਲਾਫ ਥਾਣਾ ਸ਼ਾਹਬਾਦ ਵਿਚ ਮਾਮਲਾ ਦਰਜ ਕਰ ਲਿਆ ਹੈ। ਦੋਸ਼ੀ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ।

ਇਸਤਰੀ ਅਕਾਲੀ ਦਲ ਨੇ ਬਠਿੰਡਾ ਦੀਆਂ ਕਈ ਆਗੂਆਂ ਨੂੰ ਦਿੱਤੀਆਂ ਪਾਰਟੀ ਵਿੱਚ ਵੱਡੀਆਂ ਜਿੰਮੇਵਾਰੀਆਂ

ਸਾਂਝੀ ਖ਼ਬਰ

ਸੂਬਾ ਪ੍ਰਧਾਨ ਹਰਗੋਬਿੰਦ ਕੌਰ ਨੇ ਕੀਤਾ ਇਸਤਰੀ ਵਿੰਗ ਦਾ ਵਿਸਥਾਰ



ਅਸ਼ੋਕ ਵਰਮਾ

ਬਠਿੰਡਾ, 15 ਨਵੰਬਰ 2026 :ਸ਼੍ਰੋਮਣੀ ਅਕਾਲੀ ਦਲ ਦੇ ਇਸਤਰੀ ਵਿੰਗ ਦੀ ਪ੍ਰਧਾਨ ਹਰਗੋਬਿੰਦ ਕੌਰ ਵੱਲੋਂ ਜਥੇਬੰਦੀ ਦਾ ਵਿਸਥਾਰ ਕਰਦਿਆਂ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਬਠਿੰਡਾ ਦੀ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੀ ਸਹਿਮਤੀ ਨਾਲ ਬਠਿੰਡਾ ਸ਼ਹਿਰੀ ਹਲਕੇ ਦੀਆਂ ਕਈ ਮਹਿਲਾ ਆਗੂਆਂ ਨੂੰ ਸੂਬਾ ਸੰਗਠਨ ਵਿੱਚ ਵੱਖ-ਵੱਖ ਅਹੁਦਿਆਂ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ।ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਓਮ ਪ੍ਰਕਾਸ਼ ਸ਼ਰਮਾ ਨੇ ਨਵੀਆਂ ਨਿਯੁਕਤੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੀਬੀ ਦਵਿੰਦਰ ਕੌਰ ਖਾਲਸਾ ਨੂੰ ਇਸਤਰੀ ਵਿੰਗ ਦੇ ਸੂਬਾ ਸੰਗਠਨ ਵਿੱਚ ਸੀਨੀਅਰ ਵਾਈਸ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਬੀਬੀ ਰਾਜਿੰਦਰ ਕੌਰ, ਬੀਬੀ ਤੇਜ ਕੌਰ ਚਹਿਲ, ਬੀਬੀ ਸ਼ੈਰੀ ਗੋਇਲ (ਐੱਮ.ਸੀ.) ਅਤੇ ਬੀਬੀ ਹਰਮਨ ਸ਼ਰਮਾ ਨੂੰ ਸੂਬਾ ਵਾਈਸ ਪ੍ਰਧਾਨ ਬਣਾਇਆ ਗਿਆ ਹੈ।ਇਸ ਤੋਂ ਇਲਾਵਾ ਸਾਬਕਾ ਐੱਮ.ਸੀ. ਬੀਬੀ ਰਚਨਾ ਉਬਰਾਏ ਨੂੰ ਸੂਬੇ ਦੀ ਜਨਰਲ ਸਕੱਤਰ ਅਤੇ ਬੀਬੀ ਡਿੰਪੀ ਰਾਣੀ ਤੇ ਬੀਬੀ ਰਜਨੀ ਬਾਲਾ ਨੂੰ ਸੂਬਾ ਸਕੱਤਰ ਸਕੱਤਰ ਨਿਯੁਕਤ ਕੀਤਾ ਗਿਆ ਹੈ। ਸ੍ਰੀ ਸ਼ਰਮਾ ਨੇ ਕਿਹਾ ਕਿ ਇਨ੍ਹਾਂ ਨਿਯੁਕਤੀਆਂ ਰਾਹੀਂ ਇਸਤਰੀ ਵਿੰਗ ਨੂੰ ਸੂਬੇ ਵਿੱਚ ਹੋਰ ਸਰਗਰਮ ਕਰਨ ਅਤੇ ਜਥੇਬੰਦਕ ਢਾਂਚੇ ਨੂੰ ਮਜ਼ਬੂਤ ਕਰਨ ਦਾ ਟੀਚਾ ਰੱਖਿਆ ਗਿਆ ਹੈ। ਉਹਨਾਂ ਆਸ ਪ੍ਰਗਟਾਈ ਕਿ ਇਨ੍ਹਾਂ ਨਿਯੁਕਤੀਆਂ ਨਾਲ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੇ ਮੱਦੇਨਜ਼ਰ ਪਾਰਟੀ ਦੀਆਂ ਸਰਗਰਮੀਆਂ ਨੂੰ ਹੁਲਾਰਾ ਮਿਲੇਗਾ।

ਗ੍ਰੰਥੀ ਗਿਆਨੀ ਰਾਜਦੀਪ ਸਿੰਘ ਜੀ ਨੇ ਸੰਗਤਾਂ ਨੂੰ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਜੀਵਨ ਅਤੇ ਕੁਰਬਾਨੀ ਤੋਂ ਜਾਣੂ ਕਰਵਾਇਆ

ਸਾਂਝੀ ਖ਼ਬਰ

ਸੁਖਵਿੰਦਰ ਸੋਹੀ
ਕਰਨਾਲ

ਸੈਕਟਰ-32 ਨੂਰਮਹਿਲ ਚੌਕ ਸਥਿਤ ਗੁਰਦੁਆਰਾ ਸਾਹਿਬ ਵਿਖੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਇਲਾਕੇ ਦੀਆਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਸ਼ਹੀਦ ਬਾਬਾ ਦੀਪ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ।ਇਸ ਧਾਰਮਿਕ ਸਮਾਗਮ ਦੀ ਅਗਵਾਈ ਜਥੇਦਾਰ ਬਾਬਾ ਗੁਲਾਬ ਸਿੰਘ ਜੀ ਨੇ ਕੀਤੀ। ਸਮਾਗਮ ਦੌਰਾਨ ਵਿਸ਼ੇਸ਼ ਤੌਰ ’ਤੇ ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਾਜਦੀਪ ਸਿੰਘ ਜੀ ਨੇ ਸੰਗਤਾਂ ਨੂੰ ਸੰਬੋਧਨ ਕੀਤਾ।



ਉਨ੍ਹਾਂ ਨੇ ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਮਹਾਨ ਜੀਵਨ, ਲਾਸਾਨੀ ਕੁਰਬਾਨੀ ਅਤੇ ਸਿੱਖ ਧਰਮ ਦੀ ਰੱਖਿਆ ਲਈ ਪਾਏ ਯੋਗਦਾਨ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਬਾਬਾ ਦੀਪ ਸਿੰਘ ਜੀ ਦਾ ਜੀਵਨ ਸਾਨੂੰ ਧਰਮ, ਸੱਚਾਈ, ਹਿੰਮਤ ਅਤੇ ਸੇਵਾ ਦੇ ਮਾਰਗ ’ਤੇ ਚੱਲਣ ਦੀ ਪ੍ਰੇਰਨਾ ਦਿੰਦਾ ਹੈ। ਉਨ੍ਹਾਂ ਨੇ ਧਰਮ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਤਿਕਾਰ ਲਈ ਆਪਣਾ ਸਰਵਸਵ ਕੁਰਬਾਨ ਕਰ ਦਿੱਤਾ। ਉਨ੍ਹਾਂ ਦੀ ਸ਼ਹਾਦਤ ਸਿੱਖ ਇਤਿਹਾਸ ਵਿੱਚ ਹਮੇਸ਼ਾ ਸੁਨਹਿਰੀ ਅੱਖਰਾਂ ਵਿੱਚ ਯਾਦ ਕੀਤੀ ਜਾਂਦੀ ਰਹੇਗੀ।ਗਿਆਨੀ ਰਾਜਦੀਪ ਸਿੰਘ ਜੀ ਨੇ ਸੰਗਤਾਂ ਨੂੰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਆਪਣੇ ਜੀਵਨ ਵਿੱਚ ਅਪਣਾਉਣ ਅਤੇ ਬੱਚਿਆਂ ਨੂੰ ਸਿੱਖ ਇਤਿਹਾਸ ਤੇ ਮਹਾਨ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਜਾਣੂ ਕਰਵਾਉਣ ਦੀ ਅਪੀਲ ਕੀਤੀ। ਇਸ ਮੌਕੇ ਭੁਪਿੰਦਰ ਸਿੰਘ ਲਾਡੀ ਸਮੇਤ ਇਲਾਕੇ ਦੀਆਂ ਸੰਗਤਾਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਗੁਰਬਾਣੀ ਅਤੇ ਗੁਰੂ ਜਸ ਰਾਹੀਂ ਸੰਗਤਾਂ ਨੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

ਭਾਰਤ ਵਿੱਚ ਹਸਪਤਾਲਾਂ ਦੇ ਤੇਜ਼ੀ ਨਾਲ ਵਿਸਥਾਰ ਦੇ ਬਾਵਜੂਦ ਲੱਖਾਂ ਲੋਕ ਅੱਜ ਵੀ ਕਿਫ਼ਾਇਤੀ ਮਾਹਿਰ ਇਲਾਜ ਤੋਂ ਵਾਂਝੇ

ਸਾਂਝੀ ਖ਼ਬਰ

ਨਵੀਂ ਦਿੱਲੀ ਸੁਖਵਿੰਦਰ ਸੋਹੀ

ਭਾਰਤ ਦੇ ਸਿਹਤ ਸੇਵਾ ਖੇਤਰ ਵਿੱਚ ਵੱਡੇ ਪੱਧਰ 'ਤੇ ਹਸਪਤਾਲਾਂ ਦਾ ਵਿਸਥਾਰ ਹੋ ਰਿਹਾ ਹੈ, ਪਰ ਇਸ ਦੇ ਬਾਵਜੂਦ ਦੇਸ਼ ਦੀ ਇੱਕ ਵੱਡੀ ਆਬਾਦੀ ਅੱਜ ਵੀ ਕਿਫ਼ਾਇਤੀ ਅਤੇ ਮਾਹਿਰ ਡਾਕਟਰੀ ਸੇਵਾਵਾਂ (ਸਪੈਸ਼ਲਿਸਟ ਕੇਅਰ) ਤੋਂ ਦੂਰ ਹੈ। ਪ੍ਰਸਿੱਧ ਬਿਜ਼ਨਸ ਪ੍ਰਕਾਸ਼ਨ ' ਸਿਲ ਿਕ ੋਨ ਇ ੰਡ ੀਆ ' (siliconindia) ਦੀ ਬਿਜ਼ਨਸ ਰਾਈਟਰ ਸੇਜਲ ਸਿੰਘ ਨਾਲ ਇੱਕ ਵਿਸ਼ੇਸ਼ ਗੱਲਬਾਤ ਵਿੱਚ 'ਉਜਾਲਾ ਸਿਗਨਸ' (Ujala Cygnus) ਦੇ ਸੰਸਥਾਪਕ ਨਿਰਦੇਸ਼ਕ ਸ਼ੁਚਿਨ ਬਜਾਜ ਨੇ ਇਸ ਗੰਭੀਰ ਮੁੱਦੇ 'ਤੇ ਵਿਸਥਾਰ ਨਾਲ ਚਾਨਣਾ ਪਾਇਆ ਹੈ।

ਸ਼ੁਚਿਨ ਬਜਾਜ ਨੇ ਦੱਸਿਆ ਕਿ ਰਵਾਇਤੀ ਹਸਪਤਾਲ ਵਿਸਥਾਰ ਮਾਡਲ ਦੇਸ਼ ਦੇ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਵਿੱਚ ਸਫਲ ਹੋਣ ਲਈ ਸੰਘਰਸ਼ ਕਰ ਰਹੇ ਹਨ। ਇਨ੍ਹਾਂ ਛੋਟੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਵੱਡੇ ਅਤੇ ਮਹਿੰਗੇ ਹਸਪਤਾਲਾਂ ਦਾ ਬੁਨਿਆਦੀ ਢਾਂਚਾ ਖੜ੍ਹਾ ਕਰਨਾ ਆਰਥਿਕ ਤੌਰ 'ਤੇ ਵਿਵਹਾਰਕ ਨਹੀਂ ਹੋ ਪਾਉਂਦਾ, ਜਿਸ ਕਾਰਨ ਉੱਥੋਂ ਦੇ ਲੋਕਾਂ ਨੂੰ ਬਿਹਤਰ ਇਲਾਜ ਲਈ ਮਹਾਂਨਗਰਾਂ ਵੱਲ ਰੁਖ਼ ਕਰਨਾ ਪੈਂਦਾ ਹੈ।

ਉਨ੍ਹਾਂ ਨੇ ਇਸ ਸਮੱਸਿਆ ਦੇ ਹੱਲ ਵਜੋਂ 'ਐਸੈੱਟ-ਲਾਈਟ ਆਪ੍ਰੇਸ਼ਨਜ਼' (ਘੱਟ ਪੂੰਜੀ ਨਿਵੇਸ਼ ਵਾਲੇ ਸੰਚਾਲਨ), ਵੰਡਿਆ ਹੋਇਆ ਸਿਹਤ ਨੈੱਟਵਰਕ (ਡਿਸਟ੍ਰੀਬਿਊਟਿਡ ਹੈਲਥਕੇਅਰ ਨੈੱਟਵਰਕ) ਅਤੇ ਟਿਕਾਊ ਹਸਪਤਾਲ ਅਰਥਸ਼ਾਸਤਰ ਨੂੰ ਅਪਣਾਉਣ 'ਤੇ ਜ਼ੋਰ ਦਿੱਤਾ। ਉਨ੍ਹਾਂ ਅਨੁਸਾਰ, ਇਨ੍ਹਾਂ ਆਧੁਨਿਕ ਤਰੀਕਿਆਂ ਨਾਲ ਛੋਟੇ ਸ਼ਹਿਰਾਂ ਵਿੱਚ ਵੀ ਮਿਆਰੀ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਕਾਫ਼ੀ ਹੱਦ ਤੱਕ ਵਧਾਇਆ ਜਾ ਸਕਦਾ ਹੈ।



ਛੇ ਰਾਜਾਂ ਵਿੱਚ 26 ਹਸਪਤਾਲਾਂ ਅਤੇ 3,000 ਬੈੱਡਾਂ ਦੇ ਨੈੱਟਵਰਕ ਦਾ ਸੰਚਾਲਨ ਕਰਨ ਵਾਲੇ ਬਜਾਜ ਨੇ ਸਪੱਸ਼ਟ ਕੀਤਾ ਕਿ ਸਿਹਤ ਸੇਵਾਵਾਂ ਵਿੱਚ ਕਿਫ਼ਾਇਤੀ ਦਰਾਂ ਨੂੰ ਸਿਰਫ਼ ਦਾਨ (ਪਰਉਪਕਾਰ) ਜਾਂ ਅਮੀਰ ਮਰੀਜ਼ਾਂ ਤੋਂ ਹੋਣ ਵਾਲੇ ਮੁਨਾਫ਼ੇ ਦੇ ਭਰੋਸੇ ਨਹੀਂ ਛੱਡਿਆ ਜਾ ਸਕਦਾ। ਇਸ ਦੀ ਬਜਾਏ, ਕਿਫ਼ਾਇਤੀ ਇਲਾਜ ਨੂੰ ਸਿੱਧੇ ਤੌਰ 'ਤੇ ਹਸਪਤਾਲਾਂ ਦੇ ਬਿਜ਼ਨਸ ਮਾਡਲ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਜਦੋਂ ਸਿਹਤ ਸੇਵਾਵਾਂ ਆਰਥਿਕ ਤੌਰ 'ਤੇ ਆਤਮ-ਨਿਰਭਰ ਅਤੇ ਕਿਫ਼ਾਇਤੀ ਹੋਣਗੀਆਂ, ਉਦੋਂ ਹੀ ਮਹਾਂਨਗਰਾਂ ਤੋਂ ਬਾਹਰ ਰਹਿਣ ਵਾਲੇ ਲੱਖਾਂ ਆਮ ਨਾਗਰਿਕਾਂ ਨੂੰ ਸਮੇਂ ਸਿਰ ਅਤੇ ਸੁਖਾਲਾ ਮਾਹਿਰ ਇਲਾਜ ਮਿਲ ਸਕੇਗਾ।

ਖੈਹਰਾ ਫਾਰਮ ਨਿਵਾਸ ਵਿਖੇ ਪਹੁੰਚੇ ਸੰਤ ਬਾਬਾ ਗੁਰਵਿੰਦਰ ਸਿੰਘ ਜੀ ਮਾਂਡੀ ਵਾਲੇ, ਡਾ. ਜਸਵਿੰਦਰ ਸਿੰਘ ਖੈਹਰਾ ਨੇ ਕੀਤਾ ਨਿੱਘਾ ਸਵਾਗਤ

ਸਾਂਝੀ ਖ਼ਬਰ

ਸੁਖਵਿੰਦਰ ਸੋਹੀ
ਕੁਰੁਛੇਤਰ

ਖੈਹਰਾ ਫਾਰਮ ਨਿਵਾਸ ਵਿਖੇ ਅੱਜ ਸੰਤ ਬਾਬਾ ਗੁਰਵਿੰਦਰ ਸਿੰਘ ਜੀ ਮਾਂਡੀ ਵਾਲਿਆਂ ਦੇ ਆਗਮਨ ’ਤੇ ਧਾਰਮਿਕ ਅਤੇ ਅਧਿਆਤਮਿਕ ਮਾਹੌਲ ਦੇਖਣ ਨੂੰ ਮਿਲਿਆ। ਇਸ ਮੌਕੇ ਡਾ. ਜਸਵਿੰਦਰ ਸਿੰਘ ਖੈਹਰਾ ਜੀ ਨੇ ਸੰਤ ਬਾਬਾ ਗੁਰਵਿੰਦਰ ਸਿੰਘ ਜੀ ਦਾ ਬਹੁਤ ਹੀ ਨਿੱਘੇ ਅਤੇ ਸਤਿਕਾਰ ਸਹਿਤ ਸਵਾਗਤ ਕੀਤਾ। ਉਨ੍ਹਾਂ ਨੇ ਸੰਤ ਜੀ ਦਾ ਅਸ਼ੀਰਵਾਦ ਪ੍ਰਾਪਤ ਕੀਤਾ ਅਤੇ ਉਨ੍ਹਾਂ ਨਾਲ ਧਾਰਮਿਕ ਤੇ ਅਧਿਆਤਮਿਕ ਵਿਚਾਰਾਂ ਦੀ ਸਾਂਝ ਪਾਈ।

ਇਸ ਮੌਕੇ ਡਾ. ਜਸਵਿੰਦਰ ਸਿੰਘ ਖੈਹਰਾ ਨੇ ਕਿਹਾ ਕਿ ਸੰਤ-ਮਹਾਂਪੁਰਖਾਂ ਦਾ ਸਾਨਿਧ ਜੀਵਨ ਵਿੱਚ



ਸਕਾਰਾਤਮਕ ਸੋਚ, ਸੇਵਾ ਭਾਵਨਾ ਅਤੇ ਅਧਿਆਤਮਿਕ ਚੇਤਨਾ ਨੂੰ ਮਜ਼ਬੂਤ ਕਰਨ ਦਾ ਸਾਧਨ ਬਣਦਾ ਹੈ। ਉਨ੍ਹਾਂ ਦੇ ਅਨਮੋਲ ਵਿਚਾਰ ਅਤੇ ਮਾਰਗਦਰਸ਼ਨ ਮਨੁੱਖ ਨੂੰ ਜੀਵਨ ਵਿੱਚ ਸਹੀ ਰਸਤੇ ’ਤੇ ਚੱਲਣ ਦੀ ਪ੍ਰੇਰਨਾ ਦਿੰਦੇ ਹਨ। ਸੰਤਾਂ ਦੀ ਸੰਗਤ ਵਿੱਚ ਬੈਠ ਕੇ ਉਨ੍ਹਾਂ ਦੇ ਵਿਚਾਰ ਸੁਣਨਾ ਆਪਣੇ ਆਪ ਵਿੱਚ ਵੱਡੇ ਭਾਗਾਂ ਵਾਲੀ ਗੱਲ ਹੈ।

ਸੰਤ ਬਾਬਾ ਗੁਰਵਿੰਦਰ ਸਿੰਘ ਜੀ ਮਾਂਡੀ ਵਾਲਿਆਂ ਨੇ ਵੀ ਆਪਣੇ ਵਿਚਾਰਾਂ ਰਾਹੀਂ ਸੰਗਤ ਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ’ਤੇ ਚੱਲਣ, ਆਪਸੀ ਪਿਆਰ, ਭਾਈਚਾਰਾ, ਨਿਮਰਤਾ ਅਤੇ ਮਨੁੱਖਤਾ ਦੀ ਸੇਵਾ ਕਰਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਮਨੁੱਖ ਨੂੰ ਆਪਣੇ ਜੀਵਨ ਵਿੱਚ ਹਮੇਸ਼ਾ ਚੰਗੇ ਕਰਮ ਕਰਨੇ ਚਾਹੀਦੇ ਹਨ ਅਤੇ ਲੋੜਵੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ।

ਡਾ. ਜਸਵਿੰਦਰ ਸਿੰਘ ਖੈਹਰਾ ਨੇ ਕਿਹਾ ਕਿ ਸੰਤ ਬਾਬਾ ਗੁਰਵਿੰਦਰ ਸਿੰਘ ਜੀ ਦੇ ਆਗਮਨ ਨਾਲ ਪਰਿਵਾਰ ਨੂੰ ਅਧਿਆਤਮਿਕ ਸ਼ਾਂਤੀ ਅਤੇ ਸਕਾਰਾਤਮਕ ਊਰਜਾ ਪ੍ਰਾਪਤ ਹੋਈ ਹੈ। ਉਨ੍ਹਾਂ ਵੱਲੋਂ ਦਿੱਤੇ ਗਏ ਅਨਮੋਲ ਵਿਚਾਰਾਂ ਅਤੇ ਮਾਰਗਦਰਸ਼ਨ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ।

ਇਸ ਮੌਕੇ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ ਸਰਬੱਤ ਦੇ ਭਲੇ, ਸੁੱਖ-ਸ਼ਾਂਤੀ ਅਤੇ ਖੁਸ਼ਹਾਲੀ ਲਈ ਅਰਦਾਸ ਕੀਤੀ ਗਈ ਅਤੇ ਕਾਮਨਾ ਕੀਤੀ ਗਈ ਕਿ ਵਾਹਿਗੁਰੂ ਜੀ ਸਭਨਾਂ ਉੱਤੇ ਆਪਣੀ ਮਿਹਰ ਅਤੇ ਕਿਰਪਾ ਬਣਾਈ ਰੱਖਣ।

ਰਾਸ਼ਟਰੀ ਪ੍ਰੈੱਸ ਦਿਵਸ ਮੌਕੇ ਸ਼ਿਵ ਨਾਥ ਕਪੂਰ ਨੇ ਪੱਤਰਕਾਰ ਭਾਈਚਾਰੇ ਨੂੰ ਦਿੱਤੀਆਂ ਸ਼ੁਭਕਾਮਨਾਵਾਂ

ਸੁਖਵਿੰਦਰ ਸੋਹੀ
ਨੀਲੋਖੇੜੀ

ਸਾਂਝੀ ਖ਼ਬਰ

ਰਾਸ਼ਟਰੀ ਪ੍ਰੈੱਸ ਦਿਵਸ ਦੇ ਮੌਕੇ ’ਤੇ ਮਾਰਕੀਟ ਕਮੇਟੀ ਨੀਲੋਖੇੜੀ ਦੇ ਚੇਅਰਮੈਨ, ਭਾਜਪਾ ਆਗੂ ਅਤੇ ਜ਼ਿਲ੍ਹਾ ਬੁਲਾਰੇ ਸ਼ਿਵ ਨਾਥ ਕਪੂਰ ਨੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਦਿਲੋਂ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਕਿਹਾ ਕਿ ਪ੍ਰੈੱਸ ਲੋਕਤੰਤਰ ਦਾ ਚੌਥਾ ਥੰਮ੍ਹ ਹੈ ਅਤੇ ਸਮਾਜ ਨੂੰ ਸਹੀ ਦਿਸ਼ਾ ਦੇਣ ਵਿੱਚ ਮੀਡੀਆ ਦੀ ਬਹੁਤ ਅਹਿਮ ਭੂਮਿਕਾ ਹੈ।ਸ਼ਿਵ ਨਾਥ ਕਪੂਰ ਨੇ ਕਿਹਾ ਕਿ ਪੱਤਰਕਾਰ ਆਪਣੀ ਕਲਮ ਰਾਹੀਂ ਸਮਾਜ ਦੀਆਂ ਸਮੱਸਿਆਵਾਂ, ਲੋਕਾਂ ਦੀਆਂ ਆਵਾਜ਼ਾਂ ਅਤੇ ਜਨਤਕ ਮੁੱਦਿਆਂ ਨੂੰ ਸਰਕਾਰ ਅਤੇ ਪ੍ਰਸ਼ਾਸਨ ਤੱਕ ਪਹੁੰਚਾਉਣ ਦਾ ਮਹੱਤਵਪੂਰਨ ਕੰਮ ਕਰਦੇ ਹਨ।

ਇੱਕ ਜ਼ਿੰਮੇਵਾਰ ਪੱਤਰਕਾਰ ਸਮਾਜ ਵਿੱਚ ਜਾਗਰੂਕਤਾ ਪੈਦਾ ਕਰਨ ਦੇ ਨਾਲ-ਨਾਲ ਲੋਕਤੰਤਰ ਨੂੰ ਮਜ਼ਬੂਤ ਬਣਾਉਣ ਵਿੱਚ ਵੀ ਯੋਗਦਾਨ ਪਾਉਂਦਾ ਹੈ।ਉਨ੍ਹਾਂ ਕਿਹਾ ਕਿ ਪੱਤਰਕਾਰਤਾ ਦਾ ਅਸਲ ਮਕਸਦ ਸੱਚਾਈ ਨੂੰ ਲੋਕਾਂ ਸਾਹਮਣੇ ਲਿਆਉਣਾ, ਨਿਰਪੱਖਤਾ ਨਾਲ ਖ਼ਬਰਾਂ ਪੇਸ਼ ਕਰਨਾ ਅਤੇ ਬਿਨਾਂ ਕਿਸੇ ਦਬਾਅ ਦੇ ਲੋਕ ਹਿੱਤਾਂ ਦੀ ਆਵਾਜ਼ ਬੁਲੰਦ ਕਰਨਾ ਹੈ। ਅੱਜ ਦੇ ਸਮੇਂ ਵਿੱਚ ਸੋਸ਼ਲ ਮੀਡੀਆ ਅਤੇ ਡਿਜੀਟਲ ਮੀਡੀਆ ਦੇ ਵਧਦੇ ਪ੍ਰਭਾਵ ਦੇ ਬਾਵਜੂਦ ਭਰੋਸੇਯੋਗ ਅਤੇ ਤੱਥਾਂ ’ਤੇ ਆਧਾਰਿਤ ਪੱਤਰਕਾਰਤਾ ਦੀ ਮਹੱਤਤਾ ਹੋਰ ਵੀ ਵਧ ਗਈ ਹੈ।

ਉਨ੍ਹਾਂ ਕਿਹਾ ਕਿ ਪੱਤਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਇਮਾਨਦਾਰੀ, ਨਿਡਰਤਾ ਅਤੇ ਪੂਰੀ ਨਿਰਪੱਖਤਾ ਨਾਲ ਨਿਭਾਉਣੀ ਚਾਹੀਦੀ ਹੈ। ਸਹ

ਝੂਠੇ ਪੁਲਿਸ ਮੁਕਾਬਲੇ : ਗੋਲੀਆਂ ਸੀ ਦੋ ਚੱਲੀਆਂ ਬਾਕੀ ਉਮਰ ਸਲਾਖਾਂ ਪਿੱਛੇ ਲੰਘ ਜਾਣੀ

ਸਾਂਝੀ ਖ਼ਬਰ

ਅਸ਼ੋਕ ਵਰਮਾ

ਬਠਿੰਡਾ , 15 ਨਵੰਬਰ 2026 : ਕੇਂਦਰੀ ਜਾਂਚ ਬਿਊਰੋ ਦੀ ਜਾਂਚ ਪਿਛੋਂ ਪੁਲਿਸ ਅਫਸਰਾਂ ਅਤੇ ਕਰਮਚਾਰੀਆਂ ਨੂੰ ਅਦਾਲਤ ਵੱਲੋਂ ਦਿੱਤੀਆਂ ਸਖਤ ਸ਼ਜਾਵਾਂ ਨੇ ਸਪਸ਼ਟ ਕਰ ਦਿੱਤਾ ਹੈ ਕਿ ਅੱਤਵਾਦ ਦੇ ਦਿਨਾਂ ਦੌਰਾਨ ਪੰਜਾਬ ਪੁਲਿਸ 'ਚੱਕ ਥੱਲ' ਦੇ ਮਾਮਲੇ 'ਚ ਘੱਟ ਨਹੀਂ ਸੀ। ਖਾਸ ਤੌਰ 'ਤੇ ਉਦੋਂ ਜਦੋਂ ਤੇਜ ਤਰਾਰ ਮੰਨੇ ਜਾਂਦੇ ਪੁਲਿਸ ਅਧਿਕਾਰੀ ਕੇਪੀ ਐਸ ਗਿੱਲ ਡੀਜੀਪੀ ਸਨ ਤਾਂ ਪੁਲਿਸ 'ਤੇ ਨੌਜਵਾਨਾਂ ਦਾ ਸ਼ਿਕਾਰ ਕਰਨ ਦੇ ਦੋਸ਼ ਲੱਗਦੇ ਰਹੇ ਸਨ। ਅੱਤਵਾਦ ਦੇ ਕਾਲੇ ਦੌਰ ਦੌਰਾਨ ਅੱਤਵਾਦੀਆਂ ਦੇ ਮੁਕਾਬਲੇ ਬਨਾਉਣ ਵਾਲੀ ਪੰਜਾਬ ਪੁਲਿਸ ਦੇ ਕਈ ਸਾਬਕਾ ਪੁਲਿਸ ਅਫਸਰਾਂ ਅਤੇ ਮੁਲਾਜਮਾਂ ਨੂੰ ਤਿੰਨ ਦਹਾਕਿਆਂ ਬਾਅਦ ਵੀ ਅਦਾਲਤਾਂ 'ਚ ਦੇ ਚੱਕਰ ਕੱਟਣੇ ਪੈ ਰਹੇ ਹਨ। ਸਾਲ 1992 ਤੋਂ 1993 ਵਿਚਕਾਰ ਹੋਏ ਕਥਿਤ ਫਰਜ਼ੀ ਪੁਲਿਸ ਮੁਕਾਬਲਿਆਂ , ਨਜਾਇਜ ਹਿਰਾਸਤ ਅਤੇ ਕਤਲਾਂ ਦੇ ਮਾਮਲਿਆਂ 'ਚ ਸੀਬੀਆਈ ਜਾਂਚ ਉਪਰੰਤ ਹੁਣ ਤੱਕ 15 ਤੋਂ ਵੱਧ ਪੁਲਿਸ ਮੁਲਾਜਮ ਦੋਸ਼ੀ ਠਹਿਰਾਏ ਜਾ ਚੁੱਕੇ ਹਨ।

ਇੰਨ੍ਹਾਂ 'ਚ ਡੀਆਈਜੀ, ਐਸਐਸਪੀ, ਡੀਐਸਪੀ , ਇੰਸਪੈਕਟਰ , ਸਬ ਇੰਸਪੈਕਟਰ, ਏਐਸਆਈ ਅਤੇ ਸਿਪਾਹੀ ਆਦਿ ਸ਼ਾਮਲ ਹਨ ਜਦੋਂਕਿ 10 ਤੋਂ ਵੱਧ ਸਾਬਕਾ ਪੁਲਿਸ ਅਧਿਕਾਰੀਆਂ ਨੂੰ ਹੁਣ ਵੀ ਅਪਰਾਧਿਕ ਮਾਮਲਿਆਂ 'ਚ ਜਾਂਚ ਜਾਂ ਅਦਾਲਤੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ । ਅਦਾਲਤਾਂ ਨੇ ਫਰਜ਼ੀ ਪੁਲਿਸ ਮੁਕਾਬਲਿਆਂ ਨਾਲ ਸਬੰਧਤ ਇੰਨ੍ਹਾਂ ਮਾਮਲਿਆਂ 'ਚ ਕਤਲ , ਅਪਰਾਧਿਕ ਸਾਜਿਸ਼ ਰਚਣ ਅਤੇ ਸਬੂਤ ਖੁਰਦ ਬੁਰਦ ਕਰਨ ਦੋ ਦੋਸ਼ ਸਿੱਧ ਹੋਣ ਮਗਰੋਂ ਸਜ਼ਾ ਸੁਣਾਈ ਹੈ। ਜਾਂਚ ਦੌਰਾਨ ਇਹ ਵੀ





ਸਾਹਮਣੇ ਆਇਆ ਹੈ ਕਿ ਕੁੱਝ ਮਾਮਲਿਆਂ 'ਚ ਨੌਜਵਾਨਾਂ ਨੂੰ ਫਰਜੀ ਪੁਲਿਸ ਮੁਕਾਬਲੇ ਦੌਰਾਨ ਮਾਰਨ ਨੂੰ ਜਾਇਜ ਠਹਿਰਾਉਣ ਦੀ ਕੋਸ਼ਿਸ਼ ਵੀ ਕੀਤੀ ਗਈ ਸੀ। ਮਗਰੋਂ ਇੰਨ੍ਹਾਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਲਾਵਾਰਿਸ ਕਰਾਰ ਦਿੰਦਿਆਂ ਅੰਤਿਮ ਸਸਕਾਰ ਕਰ ਦਿੱਤੇ ਗਏ। ਇੱਥੇ ਇਹ ਵੀ ਜਿਕਰਯੋਗ ਹੈ ਕਿ ਮਨੁੱਖੀ ਅਧਿਕਾਰ ਕਾਰਕੁੰਨ ਜਸਵੰਤ ਸਿੰਘ ਖਾਲੜਾ ਨੇ ਆਪਣੀ ਤੱਥ ਖੋਜ ਰਿਪੋਰਟ 'ਚ ਅਜਿਹੀਆਂ ਹਜ਼ਾਰਾਂ ਲਾਸ਼ਾਂ ਦਾ ਜਿਕਰ ਕੀਤਾ ਸੀ।

ਮਹੱਤਵਪੂਰਨ ਤੱਥ ਇਹ ਹੈ ਕਿ ਖਾਲੜਾ ਨੂੰ ਆਪਣੀ ਇਸ ਖੋਜ ਦੀ ਕੀਮਤ ਜਾਨ ਦੇਕੇ ਤਾਰਨੀ ਪਈ ਸੀ। ਦੁਖਦਾਈ ਪੱਖ ਹੈ ਕਿ ਸੈਂਕੜੇ ਮਾਵਾਂ ਆਪਣੇ ਪੁੱਤਰਾਂ ਨੂੰ ਉਡੀਕਦੀਆਂ ਜਹਾਨੋਂ ਕੂਚ ਕਰ ਗਈਆਂ ਜਦੋਂਕਿ ਕਈ ਅਜੇ ਵੀ ਉਡੀਕ ਵਿੱਚ ਹਨ। ਝੂਠੇ ਮੁਕਬਲਿਆਂ ਦਾ ਸਭ ਤੋਂ ਚਰਚਿਤ ਮਾਮਲਾ ਅਦਾਲਤ ਵੱਲੋਂ ਤਰਨਤਾਰਨ ਦੇ ਸੱਤ ਨੌਜਵਾਨਾਂ ਨੂੰ ਮਾਰਨ ਦੇ 32 ਸਾਲ ਪੁਰਾਣੇ ਮਾਮਲੇ ਵਿੱਚ ਸਾਬਕਾ ਐੱਸਐੱਸਪੀ ਭੁਪਿੰਦਰਜੀਤ ਸਿੰਘ , ਸਾਬਕਾ ਡੀਐੱਸਪੀ ਦਵਿੰਦਰ ਸਿੰਘ , ਸਾਬਕਾ ਇੰਸਪੈਕਟਰ ਸੂਬਾ ਸਿੰਘ , ਸਾਬਕਾ ਏਐੱਸਆਈ ਗੁਲਬਰਗ ਸਿੰਘ ਅਤੇ ਰਘਬੀਰ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਸੀ। ਸੂਬਾ ਸਿੰਘ ਹਮੇਸ਼ਾ ਆਪਣੀ ਤੁਲਨਾ ਸਿੱਖ ਇਤਿਹਾਸ 'ਚ ਜਾਲਮ ਮੰਨੇ ਜਾਂਦੇ ਸੂਬਾ ਸਰਹਿੰਦ ਨਾਲ ਕਰਦਾ ਸੀ ਜਿਸ ਨੇ ਛੋਟੇ ਸਾਹਿਬਜਾਦਿਆਂ ਨੂੰ ਨੀਹਾਂ 'ਚ ਚਿਣਵਾਇਆ ਸੀ। ਜੇਲ੍ਹ ਦੇ ਅੰਦਰ ਕਤਲ ਕਰ ਦਿੱਤਾ ਗਿਆ ਸੂਬਾ ਸਿੰਘ ਜਿਸ ਪ੍ਰੀਵਾਰ ਲਈ ਦਰਿੰਦਾ ਬਣਿਆ , ਮੌਤ ਪਿੱਛੋਂ ਉਹ ਵੀ ਅੱਖਾਂ ਫੇਰ ਗਿਆ ਸੀ।

ਇਸੇ ਤਰਾਂ ਹੀ 1993 ਦੇ ਇੱਕ ਹੋਰ ਫਰਜ਼ੀ ਪੁਲਿਸ ਮੁਕਾਬਲੇ ਦੇ ਮਾਮਲੇ ਵਿੱਚ ਸੀਬੀਆਈ ਅਦਾਲਤ ਮੁਹਾਲੀ ਨੇ ਨਵੰਬਰ 2022 'ਚ ਸੇਵਾਮੁਕਤ ਸਬ-ਇੰਸਪੈਕਟਰ ਸ਼ਮਸ਼ੇਰ ਸਿੰਘ (76) ਅਤੇ ਜਗਤਾਰ ਸਿੰਘ (72) ਨੂੰ ਜ਼ਿੰਦਗੀ ਦੇ ਆਖਰੀ ਪਹਿਰੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ। ਇਸ ਮਾਮਲੇ ਵਿੱਚ ਪਿੰਡ ਉਬੋਕੇ ਵਾਸੀ ਹਰਬੰਸ ਸਿੰਘ ਅਤੇ ਇੱਕ ਅਣਪਛਾਤੇ (ਜਿਸ ਦੀ ਬਾਅਦ ਵਿੱਚ ਪਛਾਣ ਰਾਜੂ ਵਜੋਂ ਦਰਜ ਹੋਈ ਸੀ) ਨੂੰ ਪੁਲਿਸ ਦੀ ਗੋਲੀਬਾਰੀ ਦੌਰਾਨ ਮਾਰਿਆ ਗਿਆ ਦਿਖਾਇਆ ਸੀ। ਅਦਾਲਤ ਨੇ ਇਸ ਪੁਲਿਸ ਮੁਕਾਬਲੇ ਨੂੰ ਫਰਜ਼ੀ ਕਰਾਰ ਦਿੱਤਾ ਸੀ। ਸੀਬੀਆਈ ਦੀ ਮੁਹਾਲੀ ਵਿਸ਼ੇਸ਼ ਅਦਾਲਤ ਨੇ ਕਰੀਬ 32 ਸਾਲ ਪੁਰਾਣੇ ਇੱਕ ਹੋਰ ਮਾਮਲੇ 'ਚ ਥਾਣਾ ਪੱਟੀ ਦੇ ਸਾਬਕਾ ਐੱਸਐੱਚਓ ਸੀਤਾ ਰਾਮ (80) ਨੂੰ ਬੁੱਢੀ ਉਮਰੇ ਉਮਰ ਕੈਦ ਅਤੇ ਥਾਣੇਦਾਰ ਰਾਜਪਾਲ ਨੂੰ ਪੰਜ ਸਾਲ ਕੈਦ ਸਜ਼ਾ ਸੁਣਾਈ ਸੀ। ਦੋਵਾਂ 'ਤੇ ਗੁਰਦੇਵ ਸਿੰਘ ਉਰਫ਼ ਦੇਬਾ ਅਤੇ ਸੁਖਵੰਤ ਸਿੰਘ ਨੂੰ ਫ਼ਰਜ਼ੀ ਪੁਲੀਸ ਮੁਕਾਬਲੇ ਵਿੱਚ ਮਾਰਨ ਦਾ ਦੋਸ਼ ਸੀ।

ਸੀਬੀਆਈ ਅਦਾਲਤ ਨੇ ਹੀ 32 ਸਾਲ ਪੁਰਾਣੇ ਝੂਠੇ ਪੁਲੀਸ ਮੁਕਾਬਲੇ 'ਚ ਫਰਵਰੀ 2025 'ਚ ਮਜੀਠਾ ਥਾਣੇ ਦੇ ਸਾਬਕਾ ਐੱਸਐੱਚਓ ਗੁਰਭਿੰਦਰ ਸਿੰਘ ਅਤੇ ਏਐੱਸਆਈ ਪ੍ਰਸ਼ੋਤਮ ਸਿੰਘ ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਸੀ ਜਿੰਨ੍ਹਾਂ 'ਤੇ ਅੰਮ੍ਰਿਤਸਰ ਦੇ ਬਲਦੇਵ ਸਿੰਘ ਦੇਬਾ ਵਾਸੀ ਬਾਸਰਕੇ ਭੈਣੀ ਅਤੇ ਲਖਵਿੰਦਰ ਸਿੰਘ ਸੁਲਤਾਨਵਿੰਡ ਨੂੰ ਝੂਠੇ ਪੁਲੀਸ ਮੁਕਾਬਲੇ ਵਿੱਚ ਮਾਰਨ ਦਾ ਦੋਸ਼ ਹੈ। ਇਹ ਕੁੱਝ ਮਿਸਾਲਾਂ ਹਨ ਜਦੋਂਕਿ ਸਾਬਕਾ ਇੰਸਪੈਕਟਰ ਮਨਜੀਤ ਸਿੰਘ ਤੇ ਸਾਬਕਾ ਸਬ ਇੰਸਪੈਕਟਰ ਗੁਰਮੇਜ ਸਿੰਘ ਨੂੰ 8-8 ਸਾਲ , ਸਾਬਕਾ ਐਸਪੀ ਪਰਮਜੀਤ ਸਿੰਘ ਨੂੰ 10 ਸਾਲ , ਸਾਬਕਾ ਡੀਆਈਜੀ ਦਿਲਬਾਗ ਸਿੰਘ ਨੂੰ 7 ਸਾਲ ਅਤੇ ਸਾਬਕਾ ਡੀਐਸਪੀ ਗੁਰਬਚਨ ਸਿੰਘ ਨੂੰ ਉਮਰ ਕੈਦ ਹੋਈ ਹੈ। ਸਾਬਕਾ ਐਸਐਸਪੀ ਗੁਰਮੀਤ ਸਿੰਘ ਰੰਧਾਵਾ ਨੂੰ ਨਵੰਬਰ 1992 'ਚ ਟਰਾਂਸਪੋਰਟਰ ਅਮਰੀਕ ਸਿੰਘ ਸਕਰੀ ਨੂੰ ਪੁਲਿਸ ਵੱਲੋਂ ਚੁੱਕਣ ਅਤੇ ਲਾਪਤਾ ਹੋਣ ਦੇ ਮਾਮਲੇ 'ਚ 5 ਸਾਲ ਅਤੇ ਦੋ ਸਾਲ ਦੀਆਂ ਦੋ ਵੱਖ ਵੱਖ ਸਜ਼ਾਵਾਂ ਸੁਣਾਈਆਂ ਗਈਆਂ ਹਨ।

ਗੋਲੀਕਾਂਡ ਅਤੇ ਭ੍ਰਿਸ਼ਟਾਚਾਰ ਵੀ

ਸਾਬਕਾ ਐਸਐਸਪੀ ਸੁਮੇਧ ਸੈਣੀ, ਸਾਬਕਾ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਅਮਰ ਸਿੰਘ ਚਹਿਲ , ਸਾਬਕਾ ਐਸਐਸਪੀ ਚਰਨਜੀਤ ਸ਼ਰਮਾ ਅਤੇ ਸੁਖਮੰਦਰ ਸਿੰਘ ਮਾਨ ਦੇ ਨਾਮ ਬਹਿਬਲ ਕਲਾਂ ਅਤੇ ਕੋਟਕਪੂਰਾ ਗੋਲੀ ਕਾਂਡ ਨਾਲ ਜੁੜੇ ਮਾਮਲਿਆਂ 'ਚ ਉੱਭਰੇ ਹਨ। ਇਸ ਤੋਂ ਇਲਾਵਾ ਸਾਬਕਾ ਡੀਆਈਜੀ ਹਰਚਰਨ ਸਿੰਘ ਭੁੱਲਰ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਘਿਰੇ ਹੋਏ ਹਨ। ਉਂਜ ਫਿਲਹਾਲ ਕਿਸੇ ਅਫਸਰ ਨੂੰ ਅਦਾਲਤ ਨੇ ਦੋਸ਼ੀ ਨਹੀਂ ਠਹਿਰਾਇਆ ਹੈ।

ਜੰਡਿਆਲਾ ਗੁਰੂ ਕਾਂਗਰਸ ਵਿੱਚ ਧੜੇਬੰਦੀ ਦੀ ਚਰਚਾ ਤੇਜ਼, ਡੈਨੀ ਬੰਡਾਲਾ ਤੇ ਨਵਤੇਜ ਅਮਰਕੋਟ ਦੇ ਪੋਸਟਰਾਂ ਨੇ ਛੇੜੀ ਨਵੀਂ ਸਿਆਸੀ ਚਰਚਾ

ਸਾਂਝੀ ਖ਼ਬਰ

ਇੱਕ ਪਾਸੇ ਡੈਨੀ ਬੰਡਾਲਾ ਦੇ ਸਮਰਥਕ ਸਰਗਰਮ, ਦੂਜੇ ਪਾਸੇ ਨਵਤੇਜ ਅਮਰਕੋਟ ਨੇ ਚਰਨਜੀਤ ਸਿੰਘ ਚੰਨੀ ਨਾਲ ਪੋਸਟਰਾਂ ਰਾਹੀਂ ਦਿਖਾਈ ਸਿਆਸੀ ਮੌਜੂਦਗੀ; ਲੋਕਾਂ ਨੇ ਕਾਂਗਰਸ ਤੋਂ ਨਵੇਂ ਚਿਹਰੇ ਨੂੰ ਮੌਕਾ ਦੇਣ ਦੀ ਜਤਾਈ ਇੱਛਾ।



(ਅਸ਼ਵਨੀ ਸ਼ਰਮਾ)

ਜੰਡਿਆਲਾ ਗੁਰੂ, 15 ਨਵੰਬਰ

ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਹੁਣ ਤੋਂ ਹੀ ਤੇਜ਼ ਹੋਣ ਲੱਗ ਪਈਆਂ ਹਨ। ਇਸੇ ਦੌਰਾਨ ਜੰਡਿਆਲਾ ਗੁਰੂ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਪਾਰਟੀ ਅੰਦਰ ਧੜੇਬੰਦੀ ਨੂੰ ਲੈ ਕੇ ਸਿਆਸੀ ਮਾਹੌਲ ਗਰਮਾ ਗਿਆ ਹੈ। ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਲੱਗੇ ਕਾਂਗਰਸੀ ਆਗੂਆਂ ਦੇ ਪੋਸਟਰਾਂ ਨੇ ਇਲਾਕੇ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ।

ਇੱਕ ਪਾਸੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੇ ਸਮਰਥਕਾਂ ਵੱਲੋਂ ਆਪਣੇ ਆਗੂ ਦੀ ਸਿਆਸੀ ਮੌਜੂਦਗੀ ਦਰਸਾਉਂਦੇ ਪੋਸਟਰ ਲਗਾਏ ਗਏ ਹਨ, ਜਦਕਿ ਦੂਜੇ ਪਾਸੇ ਨਵਤੇਜ ਸਿੰਘ ਅਮਰਕੋਟ ਵੱਲੋਂ ਵੀ ਪੋਸਟਰਾਂ ਰਾਹੀਂ ਆਪਣੀਆਂ ਸਿਆਸੀ ਸਰਗਰਮੀਆਂ ਤੇਜ਼ ਕੀਤੀਆਂ ਗਈਆਂ ਹਨ। ਇਨ੍ਹਾਂ ਪੋਸਟਰਾਂ ਵਿੱਚ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਤਸਵੀਰ ਵੀ ਨਜ਼ਰ ਆ ਰਹੀ ਹੈ। ਇਸ ਦੇ ਨਾਲ ਹੀ 2027 ਦੀਆਂ ਚੋਣਾਂ ਨੂੰ ਲੈ ਕੇ ਵੀ ਸਿਆਸੀ ਸੰਦੇਸ਼ ਦਿੱਤਾ ਗਿਆ ਹੈ।

ਇਲਾਕੇ ਵਿੱਚ ਲੱਗੇ ਇਨ੍ਹਾਂ ਪੋਸਟਰਾਂ ਨੂੰ ਦੇਖ ਕੇ ਲੋਕਾਂ ਵਿੱਚ ਇਹ ਚਰਚਾ ਛਿੜ ਗਈ ਹੈ ਕਿ ਕੀ ਜੰਡਿਆਲਾ ਗੁਰੂ ਵਿੱਚ ਕਾਂਗਰਸ ਪਾਰਟੀ ਦੋ ਵੱਖ-ਵੱਖ ਧੜਿਆਂ ਵਿੱਚ ਵੰਡੀ ਜਾ ਰਹੀ ਹੈ? ਇੱਕ ਪਾਸੇ ਡੈਨੀ ਬੰਡਾਲਾ ਦੀ ਸਿਆਸੀ ਸਰਗਰਮੀ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਮੌਜੂਦਗੀ ਦੀ ਗੱਲ ਹੋ ਰਹੀ ਹੈ, ਜਦਕਿ ਦੂਜੇ ਪਾਸੇ ਨਵਤੇਜ ਸਿੰਘ ਅਮਰਕੋਟ ਵੱਲੋਂ ਆਪਣੀ ਵੱਖਰੀ ਸਿਆਸੀ ਪਛਾਣ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਚਰਚਾ ਜ਼ੋਰਾਂ 'ਤੇ ਹੈ।ਇਸ ਸਬੰਧੀ ਜਦੋਂ ਇਲਾਕੇ ਦੇ ਲੋਕਾਂ ਨਾਲ ਗੱਲਬਾਤ ਕੀਤੀ ਗਈ ਤਾਂ ਇੱਕ ਹੋਰ ਅਹਿਮ ਗੱਲ ਸਾਹਮਣੇ ਆਈ। ਲੋਕਾਂ ਨੇ ਜੰਡਿਆਲਾ ਗੁਰੂ ਹਲਕੇ ਵਿੱਚ ਕਾਂਗਰਸ ਪਾਰਟੀ ਵੱਲੋਂ ਨਵੇਂ ਚਿਹਰੇ ਨੂੰ ਮੌਕਾ ਦਿੱਤੇ ਜਾਣ ਦੀ ਇੱਛਾ ਜਤਾਈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ 'ਤੇ ਇੱਕ ਵਾਰ ਭਰੋਸਾ ਕਰਕੇ ਦੇਖ ਚੁੱਕੇ ਹਨ, ਇਸ ਲਈ ਹੁਣ ਉਹ ਪਾਰਟੀ ਵਿੱਚ ਕਿਸੇ ਨਵੇਂ ਚਿਹਰੇ ਨੂੰ ਮੌਕਾ ਮਿਲਦਾ ਦੇਖਣਾ ਚਾਹੁੰਦੇ ਹਨ। ਲੋਕਾਂ ਦੀ ਇਸ ਰਾਏ ਨੇ ਹਲਕੇ ਵਿੱਚ ਕਾਂਗਰਸ ਦੀ ਟਿਕਟ ਦੀ ਦੌੜ ਨੂੰ ਹੋਰ ਵੀ ਦਿਲਚਸਪ ਬਣਾ ਦਿੱਤਾ ਹੈ।

ਹਲਕੇ ਵਿੱਚ ਇਹ ਸਵਾਲ ਵੀ ਉੱਠਣ ਲੱਗਾ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਹਾਈਕਮਾਂਡ ਜੰਡਿਆਲਾ ਗੁਰੂ ਤੋਂ ਕਿਸ ਆਗੂ 'ਤੇ ਭਰੋਸਾ ਜਤਾਉਂਦੀ ਹੈ। ਹਾਲਾਂਕਿ ਪਾਰਟੀ ਵੱਲੋਂ ਅਜੇ ਤੱਕ 2027 ਦੀਆਂ ਚੋਣਾਂ ਲਈ ਉਮੀਦਵਾਰ ਦਾ ਕੋਈ ਅਧਿਕਾਰਤ ਐਲਾਨ ਨਹੀਂ ਕੀਤਾ ਗਿਆ, ਪਰ ਮੌਜੂਦਾ ਸਿਆਸੀ ਸਰਗਰਮੀਆਂ ਨੇ ਟਿਕਟ ਦੀ ਦੌੜ ਨੂੰ ਲੈ ਕੇ ਚਰਚਾ ਜ਼ਰੂਰ ਤੇਜ਼ ਕਰ ਦਿੱਤੀ ਹੈ।

ਹੁਣ ਦੇਖਣਾ ਇਹ ਹੋਵੇਗਾ ਕਿ ਆਉਣ ਵਾਲੇ ਸਮੇਂ ਵਿੱਚ ਜੰਡਿਆਲਾ ਗੁਰੂ ਦੀ ਕਾਂਗਰਸ ਸਿਆਸਤ ਕਿਹੜਾ ਮੋੜ ਲੈਂਦੀ ਹੈ ਅਤੇ ਪਾਰਟੀ ਹਾਈਕਮਾਂਡ ਪੁਰਾਣੇ ਚਿਹਰੇ 'ਤੇ ਮੁੜ ਭਰੋਸਾ ਜਤਾਉਂਦੀ ਹੈ ਜਾਂ ਲੋਕਾਂ ਦੀ ਨਵੇਂ ਚਿਹਰੇ ਦੀ ਮੰਗ ਨੂੰ ਧਿਆਨ ਵਿੱਚ ਰੱਖਦਿਆਂ ਕਿਸੇ ਨਵੇਂ ਆਗੂ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਉਮੀਦਵਾਰ ਬਣਾਉਂਦੀ ਹੈ। ਫਿਲਹਾਲ ਦੋਵਾਂ ਆਗੂਆਂ ਦੇ ਪੋਸਟਰਾਂ ਨੇ ਜੰਡਿਆਲਾ ਗੁਰੂ ਦੀ ਸਿਆਸਤ ਦਾ ਮਾਹੌਲ ਗਰਮਾ ਦਿੱਤਾ ਹੈ।

ਪੁੱਤਰਾਂ ਵਾਂਗ ਧੀ ਦੇ ਜਨਮ ਦੀ ਵੀ ਮਨਾਈ ਗਈ ਖ਼ੁਸ਼ੀ

ਸਾਂਝੀ ਖ਼ਬਰ

ਬਾਲ ਦਿਵਸ ਮੌਕੇ ਖੰਗੂੜਾ ਪਰਿਵਾਰ ਨੇ ਮਨਾਈ ਧੀ ਸੰਜੋਗ ਕੌਰ ਦੇ ਜਨਮ ਦੀ ਖ਼ੁਸ਼ੀ



ਐਡਮਿੰਟਨ, ਕੈਨੇਡਾ (ਬਲਵਿੰਦਰ ਬਾਲਮ, ਦੀਪਾ ਬੰਡਾਲਾ)

ਐਡਮਿੰਟਨ ਦੇ ਖੰਗੂੜਾ ਪਰਿਵਾਰ ਨੇ ਆਪਣੀ ਧੀ ਸੰਜੋਗ ਕੌਰ ਦੇ ਜਨਮ ਦੀ ਖ਼ੁਸ਼ੀ ਸੰਗਤ ਨਾਲ ਸਾਂਝੀ ਕਰਨ ਲਈ 14 ਨਵੰਬਰ ਨੂੰ ਬਾਲ ਦਿਵਸ ਦਾ ਦਿਨ ਚੁਣਿਆ। ਇਹ ਸਮਾਗਮ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਹੋਇਆ। ਪਰਿਵਾਰ ਵੱਲੋਂ ਇਸ ਮੌਕੇ ਸੁਖਮਨੀ ਸਾਹਿਬ ਜੀ ਦਾ ਪਾਠ ਕਰਵਾਇਆ ਗਿਆ ਅਤੇ ਵਾਹਿਗੁਰੂ ਅੱਗੇ ਸ਼ੁਕਰਾਨੇ ਦੀ ਅਰਦਾਸ ਕੀਤੀ ਗਈ।

29 ਸਤੰਬਰ 2026 ਨੂੰ ਜਨਮੀ ਸੰਜੋਗ ਕੌਰ, ਖੁਸ਼ਵੰਤ ਸਿੰਘ ਖੰਗੂੜਾ ਅਤੇ ਗੁਰਪ੍ਰੀਤ ਕੌਰ ਦੀ ਧੀ ਤੇ ਅਜੀਤ ਸਿੰਘ ਖੰਗੂੜਾ ਅਤੇ ਚਰਨਜੀਤ ਕੌਰ ਦੀ ਪੋਤਰੀ ਹੈ। ਨਿੱਕੀ ਸੰਜੋਗ ਕੌਰ ਦੇ ਆਉਣ ਦੀ ਖ਼ੁਸ਼ੀ ਉਸ ਦੀ ਵੱਡੀ ਭੈਣ ਰਬਾਬ ਕੌਰ ਨੇ ਵੀ ਪਰਿਵਾਰ ਨਾਲ ਸਾਂਝੀ ਕੀਤੀ। ਸਮਾਗਮ ਵਿੱਚ ਸੰਜੋਗ ਕੌਰ ਦੀਆਂ ਭੂਆ ਮਨਪ੍ਰੀਤ ਕੌਰ ਆਪਣੇ ਪਤੀ ਬਚਿੱਤਰ ਸਿੰਘ ਨਾਲ ਅਤੇ ਅਕਵਿੰਦਰ ਕੌਰ ਆਪਣੇ ਪਤੀ ਅਰਵਿੰਦਰ ਸਿੰਘ ਨਾਲ ਵਿਸ਼ੇਸ਼ ਤੌਰ 'ਤੇ ਪਹੁੰਚੀਆਂ।ਇਸ ਮੌਕੇ ਸੰਸਦ ਮੈਂਬਰ ਜਗਸ਼ਰਨ ਸਿੰਘ ਮਾਹਲ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਕਾਰਜ ਸਿੰਘ ਔਲਖ, ਤੇਜਿੰਦਰਪਾਲ ਸਿੰਘ ਰਿਆੜ, ਕੇਵਲ ਸਿੰਘ ਬੱਲ, ਸੁਰਜੀਤ ਕੌਰ ਧਾਲੀਵਾਲ, ਪਾਰਸ ਮਹੀਨੀਆ, ਨਵਤੇਜ ਸਿੰਘ ਖੱਖ, ਹਰਦਿਆਲ ਸਿੰਘ ਅਤੇ ਅਦਬ ਟਰਾਂਸਪੋਰਟ ਦੇ ਖੁਸ਼ਪ੍ਰੀਤ ਸਿੰਘ ਸਮੇਤ ਵੱਡੀ ਗਿਣਤੀ ਵਿੱਚ ਰਿਸ਼ਤੇਦਾਰ, ਸਨੇਹੀ ਅਤੇ ਸੰਗਤ ਹਾਜ਼ਰ ਸਨ।

ਸਵੇਰੇ ਸੰਗਤ ਲਈ ਚਾਹ ਦਾ ਲੰਗਰ ਲਾਇਆ ਗਿਆ ਅਤੇ ਪਾਠ ਤੇ ਅਰਦਾਸ ਉਪਰੰਤ ਗੁਰੂ ਕਾ ਲੰਗਰ ਵਰਤਾਇਆ ਗਿਆ। ਸੰਗਤ ਅਤੇ ਰਿਸ਼ਤੇਦਾਰਾਂ ਨੇ ਖੰਗੂੜਾ ਪਰਿਵਾਰ ਨੂੰ ਧੀ ਦੇ ਜਨਮ ਦੀ ਵਧਾਈ ਦਿੱਤੀ ਅਤੇ ਵਾਹਿਗੁਰੂ ਅੱਗੇ ਸੰਜੋਗ ਕੌਰ ਦੀ ਤੰਦਰੁਸਤੀ ਤੇ ਖ਼ੁਸ਼ਹਾਲ ਜੀਵਨ ਲਈ ਕਾਮਨਾ ਕੀਤੀ।

ਸਵਰਗੀ ਬੀਰ ਸਿੰਘ ਦੀ ਯਾਦ ਵਿੱਚ 49 ਨੌਜਵਾਨਾਂ ਨੇ ਖ਼ੂਨਦਾ


TAO
ACUPRESSURE
THERAPY CENTER
Our Services
+ Back Pain
+ Neck Pain
+ Knee Pain
+ Shoulder
+ Headache
+ Heel Pain
+ Muscle Pain
+ Sciatica
+ Cervical
Information
Timming :
Monday To Friday
06:00 - 09:00
Saturday & Sunday
11:00 - 07:00
FOR APPOINTMENT
Contact : 84271-22011
St. No. 3/2, Kothi No. 109,
Green Avenue, Bibiwala Road, Bathinda.

SINCE 1978

AMRIK DHABA

PURE VEG

BREAKFAST, LUNCH, DINNER



ORDER ONLINE ON zomato SWIGGY

FULLY AC

HEAD OFFICE : MEHNA CHOWK BATHINDA.
PHONE : 0164-5007071, 9814129629.

ਅੰਮ੍ਰਿਤ ਪਵਾਰ

62804 94562




ਮੈਂ ਨਹੀਂ ਚਾਹੁੰਦਾ ਕੋਈ ਮੇਰੇ ਲਾਗੇ ਭੁੱਖਾ ਰਹੇ ਇੰਦਰਜੀਤ ਕੁਮਾਰ



ਇੰਦਰਜੀਤ ਕੁਮਾਰ ਹਾਲੀਵੁੱਡ ਸੈਲੀਬ੍ਰਿਟੀ ਨੇਕ ਤੇ ਭੁੱਖਿਆਂ ਨੂੰ ਰੋਟੀ ਮਦਦ ਦੇ ਕਿ ਖੁਆ ਅਮਰੀਕਾ ਵਿੱਚ ਵੱਡੀ ਸੇਵਾ ਕਰ ਰਹੇ ਨੇ , ਆਪਣੇ ਸੋਸ਼ਲ ਮੀਡੀਆ ਤੇ ਓਹਨਾਂ ਦੱਸਿਆ ਕਿ ਇੱਕ ਹੋਰ ਪਰਿਵਾਰ ਦੀ ਮਦਦ ਕੀਤੀ ਗਈ! ਸਾਨੂੰ ਖਾਣੇ ਦੇ ਨਾਲ ਇੱਕ ਹੋਰ ਪਰਿਵਾਰ ਦੀ ਮਦਦ ਕਰਨ ਦਾ ਮੌਕਾ ਮਿਲਿਆ ਅਤੇ ਇਹੀ ਤਾਂ ਭਾਈਚਾਰੇ ਦਾ ਅਸਲ ਮਤਲਬ ਹੈ ਇੱਕ-ਦੂਜੇ ਦਾ ਖਿਆਲ ਰੱਖਣਾ। ਸਪਾਈਸ ਲੈਂਡ ਇੰਡੀਅਨ ਗ੍ਰੋਸਰੀ ਵਿਖੇ, ਸਾਡਾ ਮੰਨਣਾ ਹੈ ਕਿ ਕਦੇ ਵੀ ਕਿਸੇ ਨੂੰ ਭੁੱਖਾ ਨਹੀਂ ਸੌਣਾ ਚਾਹੀਦਾ। ਭਾਵੇਂ ਸਮਾਂ ਕੋਈ ਵੀ ਹੋਵੇ, ਭਾਵੇਂ ਦਿਨ ਕੋਈ ਵੀ ਹੋਵੇ, ਜੇ ਤੁਸੀਂ ਭੁੱਖੇ ਹੋ ਅਤੇ ਤੁਹਾਨੂੰ ਖਾਣੇ ਦੀ ਲੋੜ ਹੈ, ਤਾਂ ਕਿਰਪਾ ਕਰਕੇ ਸੰਪਰਕ ਕਰਨ ਵਿੱਚ ਬਿਲਕੁਲ ਨਾ ਝਿਜਕੋ। ਸਪਾਈਸਲੈਂਡ ਇੰਡੀਅਨ ਗ੍ਰੋਸਰੀ ਵਿਖੇ ਆਓ 706 ਈ ਲੇਵਿਸ ਕਲਾਰਕ ਪਾਰਕ ਵੇਂ ਕਲਾਰਕ ਵਿਲੇ ਇੰਡਿਆਨਾ ਤੇ ਮਦਦ ਮੰਗਣ ਤੋਂ ਸੰਕੋਚ ਜਾਂ ਡਰ ਮਹਿਸੂਸ ਨਾ ਕਰੋ। ਅਸੀਂ ਖੁੱਲ੍ਹੇ ਦਿਲਾਂ ਅਤੇ ਖੁੱਲ੍ਹੇ ਹੱਥਾਂ ਨਾਲ ਆਪਣੇ ਭਾਈਚਾਰੇ ਲਈ ਇੱਥੇ ਹਾਂ। ਤੁਸੀ ਇਕੱਲੇ ਨਹੀਂ ਹੋ। ਅਸੀਂ ਪਰਿਵਾਰ ਹਾਂ। ਰੱਬ ਹਰ ਉਸ ਵਿਅਕਤੀ ਦਾ ਭਲਾ ਕਰੇ ਜੋ ਇੱਕ-ਇੱਕ ਕਰਕੇ ਪਰਿਵਾਰਾਂ ਦੀ ਮਦਦ ਕਰਨ ਵਿੱਚ ਸਾਡਾ ਸਾਥ ਦਿੰਦਾ ਹੈ। ਦਯਾਵਾਨ ਨੇ ਬਿਆਸ ਤੋਂ ਹਾਲੀਵੁੱਡ ਸਥਾਪਿਤ ਹੋਏ ਮੇਕਰ,ਐਕਟਰ ਤੇ ਐਕਸ਼ਨ ਮਾਸਟਰ ਇੰਦਰਜੀਤ ਕੁਮਾਰ।

ਨਾਮ ਬਣਦਾ ਜਾ ਰਿਹਾ ਫ਼ਿਲਮਾਂ ਵਿੱਚ ਅਮਨਦੀਪ ਕੌਰ



ਅਮਨਦੀਪ ਕੌਰ ਨਾਮ ਯਾਦ ਹੈ ਨਾ ਨਾਭੇ ਦੀ ਸ਼ਾਨ ਅਮਨਦੀਪ ਕੌਰ, ਪੰਜਾਬ ਦੇ ਸਕੂਲ ਇਤਿਹਾਸ ਚ ਆਪਣੀਆਂ ਖਿਡਾਰਨਾਂ ਨੂੰ ਕਾਮਨਵੈਲਥ ਤਮਗੇ ਜਿਤਾਓਣ ਵਾਲੀ ਟ੍ਰੇਨਰ ਅਮਨ ਤੇ ਪਟਿਆਲਾ ਸਿੱਖਿਆ ਵਿਭਾਗ ਦਾ ਨਾਮ ਉੱਚਾ ਕਰਨ ਵਾਲੀ ਅਮਨ ਫ਼ਿਲਮਜ਼ ਦੀ ਐਕਟ੍ਰੈਸ ਅਮਨ ਦੇ ਕੋਲ ਸਪੋਰਟਸ ਦੇ ਰਿਕਾਰਡ ਸੁਨਹਿਰੀ ਹਨ। ਹੁਣ ਐਕਟਿੰਗ ਦੇ ਰਿਕਾਰਡ ਅਮਨ ਪੂਨੀਆ ਬਣ ਬਣਦੇ ਪਏ ਹਨ।ਵੱਖਰੀ ਗੱਲ ਪਟਿਆਲਾ ਪ੍ਰਸ਼ਾਸ਼ਨ ਨੇ ਅਮਨਦੀਪ ਕੌਰ ਨੂੰ ਬਣਦਾ ਹੱਕ ਨਹੀਂ ਦਿੱਤਾ ਪਰ ਓਸ ਦੇ ਰਿਕਾਰਡ ਅੱਵਲ ਹਨ।ਹਰਬੀਰ ਸਿੰਘ ਢੀਂਡਸਾ ਆਖਦੇ ਨੇ ਅਮਨ ਐਕਟਿੰਗ ਚ ਇੰਜ ਲੱਗਦਾ ਜਿਵੇਂ ਪੂਰੀ ਸਿੱਖ ਕਿ ਆਈ ਹੋਏ, ਅਮਨਦੀਪ ਰੂਹ ਵਾਲੀ ਐਕਟ੍ਰੈਸ ਹੈ, ਨੇਕ ਟ੍ਰੇਨਰ ਹੈ, ਕਰ ਭਲਾ ਹੋ ਭਲਾ ਤੇ ਦਿਲ ਦੀ ਦਰਿਆ ਹੈ ।ਅਮਨਦੀਪ ਕੌਰ ਇੱਕ ਦਿਨ ਐਵਾਰਡ ਜੇਤੂ ਐਕਟ੍ਰੈਸ ਵੀ ਬਣੇਗੀ ਇਹੀ ਕਾਮਨਾ ਦੁਆ ਨਾਲ ਮਿਲ ਨਿੱਕਲਦੀ ਹੈ।

ਸ਼ਿਵਚਰਨ ਜੱਗੀ ਕੁੱਸਾ ਬਣੇ ਜੇਕਰ ਫ਼ਿਲਮ_ਉੱਚਾ ਬੁਰਜ ਲਾਹੌਰ ਦਾ



ਸ਼ਿਵਚਰਨ ਜੱਗੀ ਕੁੱਸਾ ਸਟਾਰ ਪੰਜਾਬੀ ਨਾਵਲਕਾਰ ਹੈ ਤੇ ਓਸ ਦੇ ਨਾਵਲ ਅਖ਼ਬਾਰਾਂ , ਮੈਗਜ਼ੀਨਜ਼ ਦਾ ਸ਼ਿੰਗਾਰ ਬਣਦੇ ਨੇ ਤੇ ਓਹ ਵਿੱਕੇ ਵੀ ਬਹੁਤ ਹਨ।ਟਾਈਮ ਤੇ ਜੱਗੀ ਕੁੱਸਾ ਦੇ ਨਾਵਲਾਂ ਤੇ ਫ਼ਿਲਮਾਂ ਬਣਦੀਆਂ ਨੇ ਤੇ ਜੱਗੀ ਕੁੱਸਾ ਦਾ ਨਵਾਂ ਨਾਵਲ "ਉੱਚਾ ਬੁਰਜ ਲਾਹੌਰ ਦਾ" ਅਸੀਸ ਕਿ ਇਸ ਤੇ ਅੱਵਲ ਤੇ ਬਾਲੀਵੁੱਡ ਫ਼ਿਲਮ ਆਏ ਨਹੀਂ ਤੇ ਪੰਜਾਬੀ ਫ਼ਿਲਮ ਪੱਕੀ ਬਣੇ।ਜੱਗੀ ਕੁੱਸਾ ਦੇ ਨਾਵਲ ਚ ਸਭੇ ਕੁੱਝ ਹੁੰਦਾ ਹੈ ।ਇਹ ਫ਼ਿਲਮ ਅਮਰਜੀਤ ਸਿੰਘ ਸਾਰੋ ਜਿਹੇ ਡਾਇਰੈਕਟਰ ਬਣਾਉਣ ਤਾਂ ਪੱਕੀ ਹਿੱਟ ਰਹੇਗੀ।ਯਾਦ ਆਇਆ ਭੈਣ ਪੰਮਾ ਸੰਧਾਂਵਾਲੀਆਂ ਨੇ ਇੱਕ ਵਾਰ ਆਖਿਆ ਸੀ ਕਿ ਜੱਗੀ ਕੁੱਸਾ ਇੱਕ ਦਿਨ ਸਟਾਰ ਹੋਏਗਾ ਨਾਵਲ ਦੁਨੀਆਂ ਰਾਹੀਂ ਫ਼ਿਲਮਾਂ ਦਾ ਤੇ ਸਾਡੀ ਵੀ ਇਸ ਸ਼ੁੱਭ ਕਾਮਨਾਵਾਂ ਨਾਲ ਸੁਨੇਹਾ ਕਿ ਇੱਕ ਦਿਨ ਆਏ ਜੱਗੀ ਕੁੱਸਾ ਦੇ ਨਾਵਲਾਂ ਤੇ ਫ਼ਿਲਮ ਬਣ ਬਾਲੀਵੁੱਡ ਤੱਕ ਰਾਜ ਹੋਏ।_ਅੰਮ੍ਰਿਤ ਪਵਾਰ।

ਲਲਿਤ ਮਹਿਤਾ ਤੇ ਸ਼ੰਮੀ ਖਾਨ ਦਾ ਕੀਤਾ ਸਨਮਾਨ ਕਾਂਸ਼ੀ ਰਾਮ ਚੰਨ



ਕਾਂਸ਼ੀ ਰਾਮ ਚੰਨ ਪੰਜਾਬ ਦੇ ਸਟਾਰ ਕਮੇਡੀਅਨ ਨੇ ਤੇ ਸ਼ੌਂਕ ਤੌਰ ਤੇ ਗਾਇਕੀ ਵੀ ਓਹਨਾਂ ਅਪਣਾ ਰੱਖੀ ਹੈ ਹਰ ਸਾਲ ਆਪਣੇ ਮਾਤਾ ਪਿਤਾ ਦੀ ਯਾਦ ਚ ਕਲਚਰ ਈਵੈਂਟ ਤੇ ਸਨਮਾਨ ਸਮਾਰੋਹ ਕਰਦੇ ਹਨ।ਇਸ ਵਾਰ ਓਹਨਾਂ ਨੇ ਆਪਣੇ ਮਾਤਾ ਪਿਤਾ ਜੀ ਨੂੰ ਸ਼ਰਧਾ ਸੁਮਨ ਅਰਪਣ ਬਾਅਦ ਗਾਇਕੀ ਜੋੜੀ ਕਿਰਨ ਰੰਧਾਵਾ ਤੇ ਸ਼ੰਮੀ ਖਾਨ ਨੂੰ ਸਨਮਾਨਿਤ ਕੀਤਾ ਤੇ ਕਿਹਾ ਮਾਝੇ ਦਾ ਨਾਮ ਅੱਜ ਦੋਗਾਣਾ ਗਾਇਕੀ ਵਿੱਚ ਇਹ ਯੁਵਾ ਜੋੜੀ ਚਮਕਾ ਰਹੀ ਹੈ।ਕਾਂਸ਼ੀ ਰਾਮ ਚੰਨ ਨੇ ਫਿਲਮ ਮੇਕਰ, ਸ਼ੋ ਪ੍ਰਮੋਟਰ ਤੇ ਸੰਗੀਤ ਪ੍ਰਮੋਟਰ , ਅੱਵਲ ਡਿਜ਼ਾਈਨਰ ਲਲਿਤ ਮਹਿਤਾ ਦਾ ਵੀ ਸਨਮਾਨ ਕੀਤਾ ਤੇ ਕਿਹਾ ਕਿ ਮਾਝੇ ਤੇ ਰਿਆੜਕੀ ਦੀ ਗਾਇਕੀ ਚ ਪੋਸਟਰ ,, ਕਾਰਡ ਡਿਜ਼ਾਇਨ ਤੋਂ ਗੁਰਦਾਸ ਮਾਨ ਸਾਬ ਤੇ ਬਾਲੀਵੁੱਡ ਕਲਾਕਾਰ ਲੋਕਾਂ ਦੇ ਸ਼ੋ ਲਲਿਤ ਮਹਿਤਾ ਦੇ ਕੁਸ਼ਲ ਪ੍ਰਬੰਧਕ ਹੋਣ ਨਾਲ ਬੇਹੱਦ ਕਾਮਯਾਬ ਰਹੇ ਹਨ।ਲਲਿਤ ਮਹਿਤਾ, ਕਿਰਨ ਰੰਧਾਵਾ ਤੇ ਸ਼ੰਮੀ ਖਾਨ ਨੇ ਇਸ ਮਾਣ ਸਤਿਕਾਰ ਲਈ ਕਾਂਸ਼ੀ ਰਾਮ ਚੰਨ ਦਾ ਸ਼ੁਕਰਾਨਾ ਅਦਾ ਕੀਤਾ।

ਨਵੀਆਂ ਫ਼ਿਲਮਾਂ ਲਈ ਤਿਆਰ ਹੈ ਹੀਰੋਇਨ_ਰੂਹ ਸੰਘਾ



ਰੂਹ ਖੁਸ਼ ਵਾਲੀ ਪਿਆਰੀ ਸੂਰਤ ਤੇ ਫਿੱਟ ਸਰੀਰਕ ਬਣਤਰ ਵਕਿਬ ਹੀਰੋਇਨ ਹੈ ਰੂਹ ਸੰਘਾ ਤੇ ਰੂਹ ਵਾਲੀ ਕੁੜੀ ਕਨੇਡੀਅਨ ਰੂਹ ਸੰਘਾ ਖੁਸ਼ ਕਰਦੀ ਹੈ ਜਦ ਇਸ ਰੂਹ ਦੀ ਆਵਾਜ਼ ਸੁਣ ਕਿ ਪੰਜਾਬੀ ਫ਼ਿਲਮ ਇੰਡਸਟਰੀ ਵਾਲੇ ਵੀ ਸਿਫ਼ਤਾਂ ਕਰਦੇ ਹਨ।ਹੀਰੋਇਨ ਰੂਹ ਸੰਘਾ ਤੇ ਰੂਹ ਦੀ ਫਿੱਟਨੈੱਸ ਪਿਆਰੀ ਹੈ, ਰੱਬ ਨੇ ਇੱਕ ਇੱਕ ਨਕਸ਼ ਘੜਿਆ ਏ ਰੀਝਾਂ ਨਾਲ ਤੇ "ਮਿੱਠਾ ਜ਼ਹਿਰ" ਵਾਲੀ ਰੂਹ ਆਖਦੀ ਹੈ ਧੰਨਵਾਦ ਰਾਜ ਬਲਵਿੰਦਰ ਕਾਲੀਆ ਦਾ, ਰਾਹੁਲ ਦਾ , ਅਨੂ ਕਾਲੀਆ ਦਾ ਜਿਹਨਾਂ ਨੇ ਬਹੁਤ ਪ੍ਰੇਮ ਨਾਲ ਓਹਨਾਂ ਤੋਂ ਕੰਮ ਲਿਆ।ਇਸ ਵੇਲੇ ਕੀ ਤਾਂ ਰੂਹ ਨੇ ਕਿਹਾ ਕਿ ਓਹ ਕੁੱਝ ਸਕ੍ਰਿਪਟ ਸੁਣ ਰਹੀ ਹੈ ਤੇ ਜਲਦੀ ਹੀ ਓਹ ਖੁਸ਼ਖਬਰੀ ਆਪਣੇ ਚਹੇਤਿਆਂ ਨੂੰ ਦੇਵੇਗੀ ।ਰੂਹ ਐਡ ਫ਼ਿਲਮਾਂ ਕਰੇ, ਰੂਹ ਵੱਡੇ ਵੱਡੇ ਫਿਲਮ ਸ਼ੋ ਕਰੇ ਤੇ ਰੂਹ ਵੈੱਬ ਸੀਰੀਜ਼ ਕਰੇ ਮੁੰਬਈ ਬਾਲੀਵੁੱਡ ਤੇ ਸਾਊਥ ਟਾਲੀਵੁੱਡ ਜਾਏ ਸ਼ੁੱਭ ਕਾਮਨਾਵਾਂ ਕਿਉ ਕਿ ਰੂਹ ਵਾਲੀ ਇਸ ਰੂਹ ਲਈ ਆਪ ਮੁਹਾਰੇ ਦੁਆਵਾਂ ਨਿੱਕਲਦੀਆਂ ਹਨ।

ਰਾਜਨ ਭਰਾਨੀ ਕਰਨ ਜਿਸਦੀਆਂ ਖ਼ੂਬ ਤਰੀਫ਼ਾਂ ਹੈ_ਮਿਸ ਸੋਨਾ



ਮਿਸ ਸੋਨਾ ਬਿਲਕੁਲ ਮਿਸ ਅੰਮ੍ਰਿਤਸਰ ਲੱਗਦੀ ਹੈ, ਅਭਿਨੈ ਦੇਖ ਲਓ ਤਾਂ ਫੁੱਲ ਟੈਲੇਂਟ, ਮਾਡਲਿੰਗ ਦੇਖ ਕਿ ਸੁਪਰ ਮਾਡਲ ਕਹਿਣਾ ਜਾਇਜ਼ ਹੈ।ਚਿਹਰਾ ਹੱਸਦਾ ਜਿਵੇਂ ਗੁਲਾਬ ਦੀਆਂ ਪੱਤੀਆਂ ਖਿਲੀਆਂ ਹੋਣ ਤੇ ਅੱਖਾਂ ਮਿਕਨਾ ਤੀਸ਼ੀ, ਸੂਟ ਹਰੇਕ ਜਚਦਾ ਤੇ ਹੈ ਵੀ ਖਰਾ ਸੋਨਾ ਨਾਮ ਵੀ ਮਿਸ ਸੋਨਾ, ਸੋਹਣਾ ਤੇ ਸੋਨਾ ਤੇ ਡਾਇਰੈਕਟਰ ਰਾਜਨ ਭਰਾਨੀ ਦੱਬ ਕਿ ਸਿਫ਼ਤ ਮਿਸ ਸੋਨਾ ਦੀ ਕਰਦੇ ਨੇ ਕਿ ਬੇਮਿਸਾਲ ਅਭਿਨੇਤਰੀ ਹੈ, "ਸੂਈਆਂ ਦਾ ਪੱਤਾ "ਚ ਓਹ ਜਚੀ ਕਿ ਅਸ਼ਕੇ ਕਹਿਣ ਨੂੰ ਦਿਲ ਕਰੇ, ਰਾਜਨ ਦਰਅਸਲ ਓਸ ਅੰਦਰ ਦੀ ਅਭਿਨੇਤਰੀ ਨੂੰ ਪਹਿਚਾਣਦੇ ਹਨ,।।ਰਾਜਨ ਭਰਾਨੀ ਅਕਸਰ ਆਪਣੇ ਪ੍ਰੋਜੈਕਟ ਚ ਮਿਸ ਸੋਨਾ ਨੂੰ ਲੈਂਦੇ ਹਨ ।ਲਿਖ ਕੇ ਲੈ ਲਓ ਜਿਸ ਦਿਨ ਰਾਜਨ ਹੋਰਾਂ ਫ਼ਿਲਮ ਬਣਾਈ ਮਿਸ ਸੋਨਾ ਪੱਕੀ ਨਾਇਕਾ ਦੇ ਬਰਾਬਰ ਹੋਏਗੀ, ਕਿਸਮਤ ਦੀ ਰੇਖਾ ਮਿਸ ਸੋਨਾ ਦੀ ਤੇਜ਼ ਹੈ।_ਅੰਮ੍ਰਿਤ ਪਵਾਰ।

ਕਰ ਰਹੀ ਹੈ ਕਰਮ ਕੌਰ ਫ਼ਿਲਮ_ਮੇਰਾ ਕਾਲਾ ਏ ਸਰਦਾਰ



ਕਰਮ ਕੌਰ ਦੇ ਕਰਮ ਤੇਜ਼ ਨੇ ਤੇ ਇਹ ਕਰਮ ਕੌਰ ਵੱਡੇ ਬੈਨਰ ਓਮਜੀ ਫ਼ਿਲਮਜ਼ ਦੀ ਨਵੀਂ ਓ ਟੀ ਟੀ ਫ਼ਿਲਮ ਕਰ ਰਹੀ ਹੈ ਜਿਸਦਾ ਟਾਈਟਲ ਹੈ"ਮੇਰਾ ਕਾਲਾ ਏ ਸਰਦਾਰ"।ਕੁਲਵੀਰ ਸੋਨੀ ਹੋਰਾਂ ਦੀ ਟੀਮ ਚ ਕਰਮ ਕੌਰ ਨਾਲ ਗੁਰਮੀਤ ਸਾਜਨ ਹਨ।ਮਨੀਸ਼ ਸਾਹਨੀ ਦੀ ਇਸ ਫਿਲਮ ਚ ਕੁਲਦੀਪ ਨਿਆਮੀ ਵੀ ਨਜ਼ਰ ਆਉਣ ਵਾਲੇ ਹਨ।ਸਿੱਧੂ ਮਨਿੰਦਰ, ਮੰਜੂ ਮਾਹਲ ਤੇ ਪ੍ਰੀਤ ਧਾਲੀਵਾਲ ਵਾਲੀ ਇਸ ਫਿਲਮ ਤੇ ਕਰਮ ਕੌਰ ਨੇ ਕਿਹਾ ਕਿ ਜਦ ਬੈਨਰ ਓਮ ਜੀ ਫਿਲਮ ਹੋਏ ਤਦ ਮਨ ਐਨਾ ਖੁਸ਼ ਹੁੰਦਾ ਕਿ ਸੁਣ ਲਈ ਰੱਬ ਨੇ ਨੇੜੇ ਹੋ ਕਿ ਤੇ ਓਹ ਜੀ ਜਾਨ ਨਾਲ ਕਰੇਗੀ ਫ਼ਿਲਮ "ਮੇਰਾ ਕਾਲਾ ਏ ਸਰਦਾਰ"। ਕਰਮ ਕੌਰ ਟੀਵੀ ਸਟਾਰ, ਬੇਹਤਰੀਨ ਐਕਰ ਤੇ ਮਾਡਲ ਦੇ ਨਾਲ ਨਾਲ ਸ਼ਾਹਬਾਜ਼ ਖਾਨ ਨਾਲ ਹਿੰਦੀ ਫ਼ਿਲਮ ਵੀ ਮੁੱਖ ਭੂਮਿਕਾ ਵਿੱਚ ਕਰ ਚੁੱਕੀ ਹੈ ਤੇ ਇਹ ਮਨੀਸ਼ ਸਾਹਨੀ ਦੀ ਫ਼ਿਲਮ ਕਰਮ ਦੇ ਕਰਮ ਹੋਰ ਭਾਗਾਂ ਵਾਲੇ ਬਣਾ ਦੇਵੇਗੀ ਆਮੀਨ! _ਅੰਮ੍ਰਿਤ ਪਵਾਰ।

ਮੀਕਾ ਸਿੰਘ ਨੂੰ "ਬੰਗਲਾ" ਲਈ ਮੁਬਾਰਕ_ਰਾਣਾ ਵੇਂਡਲ ਵਾਲਾ।



ਰਾਣਾ ਵੇਂਡਲ ਵਾਲਾ ਗੀਤਕਾਰੀ ਥੰਮ ਨੇ ਦਿੱਗਜ ਗੀਤਕਾਰ ਨੇ ਤੇ ਓਹਨਾਂ ਦੀ ਬਾਲੀਵੁੱਡ ਗਾਇਕ ਮੀਕਾ ਸਿੰਘ ਨਾਲ ਦੋਸਤੀ ਜੱਗ ਜਾਣਦਾ ਹੈ।ਮੀਕਾ ਸਿੰਘ ਦਾ ਇਸ ਵੇਲੇ ਟਰੈਕ "ਬੰਗਲਾ " ਆਇਆ ਹੈ ਤੇ ਇਸ ਟਰੈਕ ਲਈ ਖਾਸ ਤੌਰ ਤੇ ਰਾਣਾ ਨੇ ਮੀਕਾ ਸਿੰਘ ਨੂੰ ਵਧਾਈ ਦਿੱਤੀ ਹੈ।ਮੀਕਾ ਸਿੰਘ ਨਾਲ ਗੌਰਵ ਦਾਸ ਗੁਪਤਾ ਨੇ ਤੇ ਇਹ ਤਕਨੀਕ ਤਾਲਮੇਲ ਖ਼ੂਬ ਜਚਿਆ ਹੈ ।ਇਸ ਦਾ ਮੌਲਿਕ ਗੀਤਕਾਰ ਰੋਮੀ ਗਿੱਲ ਹੈ ਜਿਹੜੇ ਸ਼ਾਇਦ ? ਯਾਦ ਰਹੇ "ਨੇਹਰੋਂ ਪਾਰ ਬੰਗਲਾ * ਟੋਪ ਗੀਤ ਰਿਹਾ ਹੈ।ਰਾਣਾ ਵੇਂਡਲ ਵਾਲਾ ਨੇ ਕਿਹਾ ਕਿ ਮੀਕਾ ਸਿੰਘ 26 ਚ ਇੱਕ ਹੋਰ ਹਿੱਟ ਟਰੈਕ ਦੇਣ ਚ ਸਫਲ ਰਹੇ ਹਨ ।_ਅੰਮ੍ਰਿਤ ਪਵਾਰ ।